ੴ ਸਤਿਗੁਰ ਪ੍ਰਸਾਦਿ ॥

ਆਦਰਸ਼ਕ
ਜੀਵਨ-ਜਾਚ

ਚੋਣਕਾਰ

ਭਗਤ ਪੂਰਨ ਸਿੰਘ

ਪ੍ਰਕਾਸ਼ਕ—ਡਾ. ਇੰਦਰਜੀਤ ਕੌਰ,
ਪ੍ਰਧਾਨ,
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:)
ਅੰਮ੍ਰਿਤਸਰ।

ਦਸੰਬਰ 2004 ਨੂੰ ਛਪਿਆ 20,000

ਪ੍ਰਕਾਸ਼ਕ : ਡਾ. ਇੰਦਰਜੀਤ ਕੌਰ

ਪ੍ਰਧਾਨ,

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:)

ਤਹਿਸੀਲਪੁਰਾ, ਜੀ. ਟੀ. ਰੋਡ, ਅੰਮ੍ਰਿਤਸਰ।

ਮੁਫ਼ਤ ਭੇਟਾ

ਛਾਪਕ : ਮੈਨੇਜਰ :

ਪੂਰਨ ਪ੍ਰਿੰਟਿੰਗ ਪ੍ਰੈਸ,

ਪਿੰਗਲਵਾੜਾ ਬਿਲਡਿੰਗਜ਼,

ਅੰਮ੍ਰਿਤਸਰ।

Website : www. pingalwaraonline. org

E-mail pingal@jla. vsnl net.in

Ph. : 0183-2584713, 2584586, Fax. : 0183-2584586,

ਤਤਕਰਾ

ਦੋ ਸ਼ਬਦ

—ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥
—ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥
—ਬਾਬਾ ਹੋਰੁ ਚੜਣਾ ਖੁਸੀ ਖੁਆਰੁ ॥
ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥
—ਬਾਬਾ ਹੋਰੁ ਸਉਣਾ ਖੁਸੀ ਖੁਆਰੁ
ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥

(ਪੰਨਾ ੧੬)

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਰਾਗ ਵਿਚ ਇਹ ਸ਼ਬਦ ਉਚਾਰ ਕੇ ਸਾਨੂੰ ਖਾਣ-ਪੀਣ, ਰਹਿਣ-ਸਹਿਣ, ਸੌਣ ਦਾ ਢੰਗ ਦਰਸਾਇਆ ਹੋਇਆ ਹੈ। ਪਰ ਵਿਗਿਆਨ ਨੇ ਨਵੀਆਂ ਕਾਢਾਂ ਕੱਢ ਕੇ, ਇਨਸਾਨ ਨੂੰ ਇਨਸਾਨ ਤੋਂ ਵੱਖ ਕਰ ਦਿੱਤਾ ਹੈ ਅਤੇ ਇਨਸਾਨ ਓਪਰਿਆਂ ਵਾਂਙੂ ਰਹਿੰਦਾ ਹੈ। ਹਰ ਵੇਲੇ ਬਣਾਵਟੀ ਸਜਾਵਟ ਵਿਚ ਰਹਿਣਾ, ਬਣਾਵਟੀ ਹੱਸਣਾ, ਬਣਾਵਟੀ ਰੋਣਾ, ਬਣਾਵਟੀ ਗੱਲ ਬਾਤ ਕਰਨੀ ਅਤੇ ਚਿਹਰੇ ਨੂੰ ਬਣਾਵਟੀ ਸਜਾਉਣਾ ਹੀ ਸਾਡਾ ਰਹਿਣ ਸਹਿਣ ਦਾ ਤਰੀਕਾ ਹੋ ਗਿਆ ਹੈ। ਦਰਅਸਲ ਮਾਇਆ ਦੀ ਲੋੜ ਹੁੰਦੀ ਹੈ ਇਨਸਾਨ ਦੀਆਂ ਮੁੱਢਲੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਜਿਵੇਂ ਰੋਟੀ, ਕੱਪੜਾ, ਮਕਾਨ, ਵਿਦਿਆ ਅਤੇ ਬੀਮਾਰੀ ਵੇਲੇ ਦਵਾਈਆਂ ਲਈ ਜਾਂ ਦੁੱਖ ਸੁੱਖ ਵਿਚ ਇਨਸਾਨ ਇਨਸਾਨ ਦੇ ਕੰਮ ਆ ਸਕੇ; ਪਰ ਹੁਣ ਤਾਂ ਪੁੱਠਾ ਗੇੜ ਚੱਲ ਪਿਆ ਹੈ। ਮਾਇਆ ਇਕੱਠੀ ਕਰਨ ਲਈ ਦੂਜਿਆਂ ਦਾ ਹੱਕ ਖੋਹਣਾ, ਰਿਸ਼ਵਤ ਲੈਣੀ ਅਤੇ ਇਥੋਂ ਤੱਕ ਦੂਜੇ ਆਦਮੀਆਂ ਦਾ ਕਤਲ ਕਰਨਾ ਤਾਂ ਕਿ ਅਸੀਂ ਪਿਆਰ ਰਹਿਤ ਬਣਾਵਟੀ ਜ਼ਿੰਦਗੀ ਜੀਅ ਸਕੀਏ। ਇਸ ਕਿਤਾਬਚੇ ਵਿਚ ਅਜੀਤ ਸਿੰਘ ਚੰਦਨ

ਜੀ ਦਾ ਲੇਖ 'ਜ਼ਿੰਦਗੀ ਦੇ ਰਹੱਸ' ਵਿਚ ਕੁਝ ਇੰਞ ਬਿਆਨ ਕੀਤਾ ਹੈ "ਆਤਮਿਕ ਖ਼ੁਸ਼ੀ ਨਾਲੋਂ ਦੁਨੀਆਂ ਵਿਚ ਹੋਰ ਵੱਡੀ ਖ਼ੁਸ਼ੀ ਕੋਈ ਨਹੀਂ। ਜਿਨ੍ਹਾਂ ਦੀ ਆਤਮਾ ਨਿਰਮਲ ਜਲ ਵਾਂਙ ਹੈ, ਉਹ ਇਨਸਾਨ ਗੱਲਾਂ ਗੱਲਾਂ ਵਿਚ ਹੀ ਸਾਨੂੰ ਖ਼ੁਸ਼ੀਆਂ ਅਤੇ ਖੇੜੇ ਵੰਡ ਕੇ ਆਪਣੀ ਉਸ ਖ਼ੁਸ਼ੀ ਦਾ ਇਕ ਹਿੱਸਾ ਬਣਾ ਜਾਂਦੇ ਹਨ। ਇਨ੍ਹਾਂ ਇਨਸਾਨਾਂ ਦੀ ਬਿਰਤੀ ਨਿਰਮਲੇ ਸਾਧਾਂ ਵਰਗੀ ਹੁੰਦੀ ਹੈ, ਕੁਝ ਮਿਲਿਆ ਤਾਂ ਖਾ ਲਿਆ ਨਹੀਂ ਤਾਂ ਆਤਮਿਕ ਖ਼ੁਸ਼ੀ ਵਿਚ ਲਿਪਟੇ ਹਰ ਥਾਂ ਫੁੱਲ ਬਿਖੇਰਦੇ ਰਹਿੰਦੇ ਹਨ।"—ਇਹ ਆਤਮਿਕ ਖ਼ੁਸ਼ੀ ਕਿੱਥੋਂ ਆਉਂਦੀ ਹੈ ਅਤੇ ਕਿਹੋ ਜਿਹੇ ਲੋਕਾਂ ਕੋਲ ਹੁੰਦੀ ਹੈ ਇਹ ਆਤਮਿਕ ਖ਼ੁਸ਼ੀ ਉਨ੍ਹਾਂ ਵਡਭਾਗੇ ਲੋਕਾਂ ਕੋਲ ਹੁੰਦੀ ਹੈ ਜਿਹੜੇ ਵਾਹਿਗੁਰੂ ਦੇ ਸੱਚੇ ਭਗਤ ਹੁੰਦੇ ਹਨ, ਜਿਹਨਾਂ ਨੂੰ ਵਾਹਿਗੁਰੂ 'ਤੇ ਅਟੱਲ ਵਿਸ਼ਵਾਸ ਹੁੰਦਾ ਹੈ। ਇਹੋ ਜਿਹੇ ਲੋਕਾਂ ਨੇ ਆਪਣੀਆਂ ਜ਼ਰੂਰਤਾਂ ਸੀਮਤ ਰੱਖੀਆਂ ਹੁੰਦੀਆਂ ਹਨ। ਦੂਜਿਆਂ ਦੀਆਂ ਭਾਵਨਾਵਾਂ ਨੂੰ ਜ਼ਿਆਦਾ ਤਰਜੀਹ ਦਿੰਦੇ ਹਨ। ਦੂਜਿਆਂ ਦੇ ਦੁੱਖ ਦੂਰ ਕਰਨ ਲਈ ਆਪਾ ਕੁਰਬਾਨ ਕਰਦੇ ਹਨ। ਇਹਨਾਂ ਨੂੰ 'ਪੰਜ ਤਾਰਾ ਹੋਟਲਾਂ' ਨਾਲੋਂ ਪਿਆਰ ਭਰੀ ਗ਼ਰੀਬ ਦੀ ਝੌਂਪੜੀ ਵਿਚ ਜ਼ਿਆਦਾ ਆਨੰਦ ਆਉਂਦਾ ਹੈ। ਜਦੋਂ ਇਹ ਲੋਕ ਰੋਟੀ ਖਾਂਦੇ ਹਨ ਤਾਂ ਇਹਨਾਂ ਦੀ ਨਜ਼ਰ ਅੱਗੇ ਭੁੱਖ ਨਾਲ ਵਿਲਕਦੇ ਹੋਏ ਗ਼ਰੀਬ ਦਿੱਸ ਆਉਂਦੇ ਹਨ ਇਸ ਲਈ ਇਹ ਰੁੱਖਾ ਸੁੱਖਾ ਅਤੇ ਘੱਟ ਭੋਜਨ ਛਕਦੇ ਹਨ। ਜਿਹੜੇ ਲੋਕ ਰਿਸ਼ਵਤ ਦਾ ਧਨ ਇਕੱਠਾ ਕਰਦੇ ਹਨ ਅਤੇ ਬਾਹਰਲੇ ਦੇਸ਼ ਦੇ ਬੈਂਕਾਂ ਵਿਚ ਗੁਪਤ ਖਾਤੇ ਖੁਲ੍ਹਾਉਂਦੇ ਹਨ ਉਹਨਾਂ ਨੂੰ ਇਹ ਲੋਕ ਚਿਤਾਵਨੀਆਂ ਦੇਂਦੇ ਰਹਿੰਦੇ ਹਨ। ਇਹੋ ਜਿਹੇ ਸਨ ਭਗਤ ਪੂਰਨ ਸਿੰਘ ਜੀ! ਅਖ਼ਬਾਰਾਂ ਵਿਚੋਂ ਮਨੁੱਖਤਾ ਦੇ ਭਲੇ ਦੇ ਲੇਖ ਇਕੱਠੇ ਕਰਦੇ ਰਹਿੰਦੇ ਸਨ ਜਿਵੇਂ ਕਿ ਸਾਦਾ ਜੀਵਨ ਬਤੀਤ ਕਰਨਾ, ਕਾਲੇ ਧਨ ਤੋਂ ਦੂਰ ਰਹਿਣਾ, ਜੰਗਲਾਂ ਦੀ ਮਹੱਤਤਾ ਬਾਰੇ, ਮਾਂ ਬੋਲੀ ਦੇ ਪਿਆਰ ਨੂੰ ਦਰਸਾਉਣ ਵਾਲੇ, ਗ਼ਰੀਬੀ, ਅਨਪੜ੍ਹਤਾ ਅਤੇ ਬੇਕਾਰੀ ਨੂੰ ਦੂਰ ਕਰਨ ਵਿਚ ਕਿਹੜੀਆਂ ਯੋਜਨਾਵਾਂ ਸਹਾਈ ਹੋ ਸਕਦੀਆਂ ਹਨ; ਸਰਕਾਰ ਨੂੰ ਵੀ ਉਸ ਬਾਰੇ

ਸੁਝਾਅ ਦੇਣੇ। ਇਹੋ ਜਿਹੇ ਆਦਮੀ ਨਿਰਭੈ ਹੁੰਦੇ ਹਨ, ਕਿਉਂਕਿ ਉਹ ਰੱਬ ਦੇ ਸੱਚੇ ਭਗਤ ਹੁੰਦੇ ਹਨ। ਇਸ ਲਈ ਉਹ ਕਿਸੇ ਵੀ ਔਹਦੇ ਤੇ ਬੈਠੇ ਆਦਮੀ ਨੂੰ ਤਾੜਨਾ ਵੀ ਕਰ ਦਿੰਦੇ ਹਨ। ਭਗਤ ਪੂਰਨ ਸਿੰਘ ਜੀ ਜੋ ਕਿ ਤਿਆਗ, ਨਿਰਮਾਣਤਾ ਅਤੇ ਨਿਰਮਲਤਾ ਦੇ ਸਵਰੂਪ ਸਨ ਇਕ ਵਾਰ ਬਹੁਤ ਵੱਡਮੁਲੀ ਗੱਲ ਮੇਰੇ ਨਾਲ ਸਾਂਝੀ ਕਰ ਗਏ, ਉਹਨਾਂ ਨੇ ਕਿਹਾ, "ਮੈਂ ਕਿਤੇ ਕਿਸੇ ਵਿਦਵਾਨ ਦਾ ਲੇਖ ਪੜ੍ਹਿਆ ਹੈ ਜਿਸ ਵਿਚ ਉਸ ਨੇ ਲਿਖਿਆ ਹੈ ਕਿ ਕਿਸੇ ਦੇਸ਼ ਨੂੰ ਬਚਾਉਣ ਲਈ ਘੱਟੋ ਘੱਟ ਤੇਰਾਂ ਆਦਮੀ ਇਹੋ ਜਿਹੇ ਹੋਣੇ ਚਾਹੀਦੇ ਹਨ ਜਿਨ੍ਹਾਂ ਨੇ ਆਪਣਾ ਸਾਰਾ ਕੁਝ ਦੇਸ਼ ਕੌਮ ਅਤੇ ਮਨੁੱਖਤਾ ਲਈ ਅਰਪਣ ਕੀਤਾ ਹੋਵੇ" ਉਹਨਾਂ ਅੱਗੋਂ ਮੁਸਕਰਾਉਂਦੇ ਹੋਏ ਕਿਹਾ ਕਿ ਮੈਨੂੰ ਕਹਿਣਾ ਤਾਂ ਨਹੀਂ ਚਾਹੀਦਾ ਪਰ ਮੈਂ ਉਹਨਾਂ ਤੇਰਾਂ ਵਿਚੋਂ ਇਕ ਹਾਂ।" ਭਗਤ ਪੂਰਨ ਸਿੰਘ ਜੀ ਦੇ ਮੂੰਹੋਂ ਬੜੀ ਸਰਲਤਾ ਨਾਲ ਇਹ ਸਾਰਾ ਕੁਝ ਅਚਨਚੇਤ ਹੀ ਨਿਕਲ ਗਿਆ ਪਰ ਮੇਰੇ ਲਈ ਉਹ ਵਿਸਮਾਦ ਭਰਿਆ ਸੀ। ਇਹ ਕੁਝ ਲੇਖ ਜੋ ਇਸ ਕਿਤਾਬਚੇ ਵਿਚ ਹਨ ਇਹ ਸਤਿਕਾਰ ਯੋਗ ਭਗਤ ਪੂਰਨ ਸਿੰਘ ਜੀ ਦੇ ਇਕੱਠੇ ਕੀਤੇ ਹੋਏ ਹਨ। ਮੈਂ ਤਾਂ ਇਹਨਾਂ ਨੂੰ ਇਕੱਠਾ ਕਰਕੇ ਇਕ ਕਿਤਾਬਚੇ ਦਾ ਰੂਪ ਦੇ ਕੇ ਸੰਗਤਾਂ ਤੱਕ ਪਹੁੰਚਾਉਣ ਦਾ ਨਿਮਾਣਾ ਜਿਹਾ ਯਤਨ ਕੀਤਾ ਹੈ। ਆਸ ਹੈ ਕਿ ਸੰਗਤਾਂ ਦਾਨ ਦੇ ਖੁੱਲ੍ਹੇ ਗੱਫੇ ਦੇ ਕੇ ਭਗਤ ਜੀ ਦੀਆਂ ਭਾਵਨਾਵਾਂ ਸੰਗਤਾਂ ਤੱਕ ਪਹੁੰਚਾਉਣ ਦੇ ਲਈ ਯਤਨ ਵਿਚ ਸਾਡੇ ਸੇਵਾਦਾਰਾਂ ਦੇ ਸਿਰ ਤੇ ਮਿਹਰ ਭਰਿਆ ਹੱਥ ਰੱਖਦੀਆਂ ਰਹਿਣਗੀਆਂ।

ਡਾ. ਇੰਦਰਜੀਤ ਕੌਰ
ਮੁੱਖ ਸੇਵਾਦਾਰ
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:)
ਅੰਮ੍ਰਿਤਸਰ।

ਜ਼ਿੰਦਗੀ ਦਾ ਰਹੱਸ

ਅਜੀਤ ਸਿੰਘ ਚੰਦਨ

ਵਿਸ਼ਵਾਸ ਇਕ ਸ਼ਕਤੀ ਹੈ ਜਿਸ ਨਾਲ ਮਨੁੱਖ ਸਫ਼ਲਤਾ ਪ੍ਰਾਪਤ ਕਰ ਸਕਦਾ ਹੈ। ਜੋ ਮਨੁੱਖ ਆਪਣੇ ਆਪ ਤੇ ਵਿਸ਼ਵਾਸ ਕਰਦਾ ਹੈ, ਉਹੀ ਦੂਸਰਿਆਂ ਉਪਰ ਵਿਸ਼ਵਾਸ ਕਰ ਸਕਦਾ ਹੈ। ਕਈ ਵਾਰ ਵਿਸ਼ਵਾਸ ਦੀ ਬਹੁਤੀ ਮਾਤਰਾ ਸਾਨੂੰ ਡੂੰਘੇ ਟੋਏ ਵਿਚ ਵੀ ਸੁੱਟ ਜਾਂਦੀ ਹੈ। ਇਸੇ ਕਾਰਨ ਅੰਧ-ਵਿਸ਼ਵਾਸ ਤੋਂ ਬਚਣ ਦੀ ਲੋੜ ਹੈ। ਜਦ ਅਸੀਂ ਦੂਸਰਿਆਂ 'ਤੇ ਵਿਸ਼ਵਾਸ ਕਰਾਂਗੇ ਤੇ ਇਸ ਕੰਮ ਦਾ ਪ੍ਰਤੀਕ੍ਰਮ ਵੀ ਸਾਨੂੰ ਵਿਸ਼ਵਾਸ ਨਾਲ ਹੀ ਮਿਲੇਗਾ। ਵਿਸ਼ਵਾਸ-ਧ੍ਰੋਹੀ ਇਨਸਾਨਾਂ ਦੀ ਗਿਣਤੀ ਵਿਚ ਨਹੀਂ ਆਉਂਦੇ ਭਾਵੇਂ ਉਹ ਕੌਰਵਾਂ ਜਾਂ ਪਾਂਡਵਾਂ ਦੀ ਵੰਸ਼ ਵਿਚੋਂ ਹੀ ਕਿਉਂ ਨਾ ਹੋਣ।

ਆਤਮਿਕ ਖ਼ੁਸ਼ੀ ਨਾਲੋਂ ਦੁਨੀਆਂ ਵਿਚ ਹੋਰ ਵੱਡੀ ਖ਼ੁਸ਼ੀ ਕੋਈ ਨਹੀਂ। ਜਿਨ੍ਹਾਂ ਦੀ ਆਤਮਾ ਨਿਰਮਲ ਜਲ ਵਾਂਙ ਹੈ, ਉਹ ਇਨਸਾਨ ਗੱਲਾਂ ਗੱਲਾਂ ਵਿਚ ਹੀ ਸਾਨੂੰ ਖ਼ੁਸ਼ੀਆਂ ਤੇ ਖੇੜੇ ਵੰਡ ਕੇ ਆਪਣੀ ਉਸ ਖ਼ੁਸ਼ੀ ਦਾ ਇਕ ਹਿੱਸਾ ਬਣਾ ਜਾਂਦੇ ਹਨ। ਇਨ੍ਹਾਂ ਇਨਸਾਨਾਂ ਦੀ ਬਿਰਤੀ ਨਿਰਮਲੇ ਸਾਧਾਂ ਵਰਗੀ ਹੁੰਦੀ ਹੈ। ਕੁਝ ਮਿਲਿਆ ਤਾਂ ਖਾ ਲਿਆ ਨਹੀਂ ਤਾਂ ਆਤਮਿਕ ਖ਼ੁਸ਼ੀ ਦੀ ਲਹਿਰ ਵਿਚ ਲਿਪਟੇ ਹਰ ਥਾਂ ਫੁੱਲ ਬਿਖੇਰਦੇ ਰਹਿੰਦੇ ਹਨ ਆਮ ਕਰ ਕੇ ਇਨ੍ਹਾਂ ਇਨਸਾਨਾਂ ਦਾ ਹਾਸਾ ਸੰਪੂਰਨ ਹਾਸਾ ਹੁੰਦਾ ਹੈ ਤੇ ਰੋਣਾ ਵੀ ਸੰਪੂਰਨ ਰੋਣਾ ਹੀ। ਅਜਿਹੇ ਆਤਮਿਕ ਸ਼ਕਤੀ ਵਾਲੇ ਵਿਦਵਾਨ ਪੂਰੇ ਬ੍ਰਹਿਮੰਡ ਨੂੰ ਆਪਣੀਆਂ ਬਾਹਾਂ ਵਿਚ ਸਮੇਟ ਲੈਂਦੇ ਹਨ। ਪ੍ਰੋਫ਼ੈਸਰ ਪੂਰਨ ਸਿੰਘ ਅਜਿਹੀ ਹੀ ਇਕ ਆਤਮਾ ਸੀ। ਕਹਿੰਦੇ ਹਨ ਕਿ ਵਿਸਮਾਦ ਅਵਸਥਾ ਵਿਚ ਉਹ ਰੱਬ ਹੁੰਦੇ ਹਨ ਤੇ ਜੇਕਰ ਸਟੇਜ ਉਪਰ ਭਾਸ਼ਨ ਦੇਣਾ ਹੁੰਦਾ ਤਾਂ ਉਨ੍ਹਾਂ ਲਈ ਵੱਡੀ ਸਾਰੀ ਸਟੇਜ ਬਣਾਈ ਜਾਂਦੀ ਸੀ ਤਾਂ ਜੋ ਉਹ ਝੂਟਾ ਖਾ ਕੇ ਖ਼ਿਆਲਾਂ ਦੇ ਵਹਿਣ ਵਿਚ ਕਿਤੇ ਸਟੇਜ ਤੋਂ ਹੇਠਾਂ ਹੀ ਨਾ

ਢਹਿ ਪੈਣ। ਅਜਿਹੇ ਬਾਦਸ਼ਾਹ ਦਿਲ ਇਨਸਾਨ ਬੜੇ ਘੱਟ ਹਨ ਪਰ ਹਨ ਜ਼ਰੂਰ। ਇਨ੍ਹਾਂ ਇਨਸਾਨਾਂ ਕਰ ਕੇ ਦੁਨੀਆਂ ਦੇ ਵੇਲ ਬੂਟੇ, ਫੁੱਲ, ਫ਼ਲ ਤੇ ਪੌਣ-ਪਾਣੀ ਕੁੱਲ ਵਾਤਾਵਰਨ ਵਿਚ ਆਪਣੀਆਂ ਰਹਿਮਤਾਂ ਵੰਡੀ ਤੁਰੇ ਜਾਂਦੇ ਹਨ। ਇਸੇ ਲਈ ਕਹਾਵਤ ਮਸ਼ਹੂਰ ਹੈ, ਪੱਲੇ ਖ਼ਰਚ ਨਾ ਬੰਨ੍ਹਦੇ, ਪੰਛੀ ਤੇ ਦਰਵੇਸ਼।'

ਸਵੈਮਾਣ ਇਨਸਾਨ ਨੂੰ ਉਚਾ ਚੁੱਕਦਾ ਹੈ। ਬੁਲੰਦੀਆਂ ਦੀ ਸਿਖਰ 'ਤੇ ਲੈ ਜਾਂਦਾ ਹੈ ਪਰ ਬੁਲੰਦੀਆਂ ਨੂੰ ਪਹੁੰਚ ਕੇ ਵੀ ਨਿਰਮਾਣਤਾ ਜ਼ਰੂਰੀ ਹੈ। ਨਿਰਮਾਣਤਾ ਵਿਚ ਮਾਣਤਾ ਹੈ ਜਦ ਕਿ ਮਾਣਤਾ ਵਿਚ ਨਿਰਮਾਣਤਾ ਨਹੀਂ। ਸਾਡੀ ਸੰਸਕ੍ਰਿਤੀ ਰਿਸ਼ੀਆਂ ਮੁਨੀਆਂ ਤੋਂ ਜਨਮੀ ਤੇ ਪ੍ਰਵਾਨ ਚੜ੍ਹੀ। ਹੁਣ ਤੀਕ ਵਿਦੇਸ਼ੀ ਵਿਦਵਾਨ ਤੇ ਸਾਡੇ ਆਪਣੇ ਪੰਡਿਤ ਸਾਡੀ ਸੰਸਕ੍ਰਿਤੀ ਨੂੰ ਸਾਂਭਣ ਦੇ ਯਤਨ ਵਿਚ ਹਨ ਪਰ ਅਸੀਂ ਆਪਣੀ ਸੰਸਕ੍ਰਿਤੀ ਨੂੰ ਪੈਰਾਂ ਥੱਲੇ ਰੋਲ ਰਹੇ ਹਾਂ। ਪੱਛਮੀ ਸੱਭਿਅਤਾ ਦੀ ਪੂਛ ਫੜ ਕੇ ਭਲਾ ਅਸੀਂ ਕਿਹੜੇ ਕਿਨਾਰੇ ਲੱਗਾਂਗੇ ? ਸਾਨੂੰ ਸਾਡੀ ਸੰਸਕ੍ਰਿਤੀ ਹੀ ਬਲ ਬਖ਼ਸ਼ੇ। ਅਸੀਂ ਮੁੜ ਤੋਂ ਫਿਰ ਇਲਹਾਮੇ ਇਕਬਾਲ ਦੀ ਸੁਰ ਨੂੰ ਆਪਣੇ ਸੀਨਿਆਂ ਵਿਚ ਸਾਂਭੀ ਰੱਖਾਂਗੇ। ਸੁੱਖ ਦੀ ਖੋਜ ਲਈ ਅਸੀਂ ਸਭ ਹੱਥ ਪੱਲਾ ਮਾਰ ਰਹੇ ਹਾਂ। ਇਹ ਸੁੱਖ ਅਸਾਡੀ ਆਪਣੀ ਬੁੱਕਲ ਵਿਚ ਹੀ ਹੈ। ਆਓ! ਭਰਾ ਭਰਾ ਵਾਂਗ ਮਿਲੀਏ ਤੇ ਖ਼ੁਸ਼ੀਆਂ ਤੇ ਖੇੜੇ ਵੰਡਦੇ ਹੋਏ ਸਾਦਗੀ ਦਾ ਪਹਿਰਨ ਪਹਿਨ ਕੇ ਧਰਤੀ ਤੇ ਆਪਣੀ ਮਹਿਕ ਦਾ ਗੀਤ ਗਾਈਏ। ਆਪਣੇ ਆਪ ਦੀ ਤਲਾਸ਼ ਕਰੀਏ। ਦੂਸਰੇ ਚਿਹਰੇ ਤੋਂ ਆਪਣਾ ਚਿਹਰਾ ਵੇਖ ਸਕਣ ਦੇ ਸਮਰੱਥ ਹੋ ਸਕੀਏ।

(ਰੋਜ਼ਾਨਾ ਪੰਜਾਬੀ ਟ੍ਰਿਬਿਊਨ ੯ ਅਪ੍ਰੈਲ ੧੯੯੯ 'ਚੋਂ ਧੰਨਵਾਦ ਸਹਿਤ)

—o—

> ਸਾਦਾ ਖਾਣਾ ਸਾਦਾ ਪਾਉਣਾ ਤੇ ਸਾਦਗੀ ਵਿਚ ਰਹਿਣ ਦਾ ਆਨੰਦ ਹੀ ਵੱਖਰਾ ਹੈ।
>
> —ਭਗਤ ਪੂਰਨ ਸਿੰਘ

ਗਾਂਧੀਵਾਦੀ ਪਿੰਡ ਦਾ ਸੰਕਲਪ : ਪੁਨਰ ਝਾਤ

—ਰਾਮ ਸਰੂਪ ਅਣਖੀ

ਪੇਂਡੂ-ਵਿਕਾਸ ਦੀ ਸਮੱਸਿਆ ਨੂੰ ਲੈ ਕੇ, ਆਜ਼ਾਦੀ ਮਿਲਣ ਤੋਂ ਪਹਿਲਾਂ, ਦੋ ਮਹਾਨ ਵਿਅਕਤੀਆਂ ਨੇ ਇਸ ਖੇਤਰ ਵਿਚ ਬਹੁਤ ਵੱਡਾ ਹਿੱਸਾ ਪਾਇਆ ਹੈ। ਇਕ ਸਨ ਮਿਸਟਰ ਐਫ. ਐਲ. ਬਰਾਈਨ ਤੇ ਦੂਜੇ ਮਹਾਤਮਾ ਗਾਂਧੀ। ਮਿਸਟਰ ਬਰਾਈਨ ਪੰਜਾਬ ਦੇ ਜ਼ਿਲ੍ਹਾ ਗੁੜਗਾਉਂ ਵਿਚ ਡਿਪਟੀ-ਕਮਿਸ਼ਨਰ ਸਨ। ਇਸ ਜ਼ਿਲ੍ਹੇ ਵਿਚ ਹੀ ਉਹਨਾਂ ਨੇ ਆਪਣਾ ਕੰਮ ਆਰੰਭਿਆ ਸੀ। ਇਸਤਰੀ ਵਿਦਿਆ ਤੇ ਦੇਸੀ ਰੂੜੀ ਦੇ ਟੋਏ ਪੁੱਟਣ ਉਤੇ ਹੀ ਉਹਨਾਂ ਨੇ ਬਹੁਤ ਜ਼ੋਰ ਦਿੱਤਾ। ਪਰ ਉਹਨਾਂ ਦਾ ਕੰਮ ਉਥੇ ਹੀ ਮੁੱਕ ਗਿਆ ਜਦ ਉਹਨਾਂ ਦੀ ਬਦਲੀ ਕਿਸੇ ਹੋਰ ਸਥਾਨ ਉਤੇ ਹੋ ਗਈ। ਮਹਾਤਮਾ ਗਾਂਧੀ ਦੀ ਵੱਡੀ ਦੇਣ ਪਿੰਡਾਂ ਵਿਚ ਘਰੇਲੂ ਦਸਤਕਾਰੀਆਂ ਉਤੇ ਜ਼ੋਰ ਦੇਣਾ ਸੀ। ਇਸ ਦਾ ਪ੍ਰਚਾਰ ਉਹਨਾਂ ਨੇ ਦੇਸ਼ ਵਿਚ ਥਾਂ ਥਾਂ ਸਥਾਪਤ ਕੀਤੇ ਆਸ਼ਰਮਾਂ ਰਾਹੀਂ ਕੀਤਾ।

ਸੰਕਲਪ

ਪੁਰਾਣੀ ਕਹਾਵਤ ਮਸ਼ਹੂਰ ਹੈ—"ਪਿੰਡ ਰੱਬ ਦੇ, ਸ਼ਹਿਰ ਆਦਮੀਆਂ ਦੇ।" ਮਹਾਤਮਾ ਗਾਂਧੀ ਆਖਿਆ ਕਰਦੇ ਸਨ ਕਿ ਪਿੰਡ ਦੇਸ਼ ਦੀ ਆਤਮਾ ਹਨ। ਸਹੀ ਸਵਰਾਜ ਪਿੰਡਾਂ ਦੁਆਰਾ ਹੀ ਆਵੇਗਾ। ਪਿੰਡਾਂ ਦੀ ਸੇਵਾ ਹੀ ਸਵਰਾਜ-ਸਥਾਪਤੀ ਹੈ। ਇਕ ਵਾਰੀ ਉਹਨਾਂ ਨੇ ੨੬ ਜਨਵਰੀ ੧੯੪੨ ਦੇ ਹਰਿਜਨ ਵਿਚ ਲਿਖਿਆ ਸੀ, "ਗ੍ਰਾਮ ਸਵਰਾਜ ਤੋਂ ਮੇਰਾ ਮਤਲਬ ਇਹ ਹੈ ਕਿ ਇਹ ਇਕ ਸੰਪੂਰਨ ਗਣਰਾਜ ਹੁੰਦਾ ਹੈ, ਆਪਣੀਆਂ ਵੱਡੀਆਂ ਲੋੜਾਂ ਲਈ ਆਪਣੇ ਗੁਆਂਢੀਆਂ ਤੋਂ ਸੁਤੰਤਰ ਤੇ ਹੋਰ ਕਿੰਨੀਆਂ ਹੀ ਲੋੜਾਂ ਲਈ ਦੂਜਿਆਂ ਉਤੇ ਨਿਰਭਰ ਤੇ ਦੂਜੇ ਉਸ ਉਤੇ ਨਿਰਭਰ। ਇਸ ਲਈ ਹਰ ਇਕ ਪਿੰਡ ਦਾ ਪਹਿਲਾ ਕੰਮ ਹੈ, ਆਪਣੇ ਖਾਣ ਲਈ ਫਸਲਾਂ ਪੈਦਾ ਕਰਨਾ ਤੇ ਕੱਪੜਿਆਂ ਲਈ ਕਪਾਹ। ਆਪਣੇ

ਪਸ਼ੂਆਂ ਲਈ ਵੱਖਰੀਆਂ ਚਰਾਂਦਾਂ ਤੇ ਬਾਲਗ-ਬੱਚਿਆਂ ਲਈ ਮਨੋ-ਰੰਜਨ ਤੇ ਖੇਡ ਦੇ ਮੈਦਾਨ। ਬਹੁਤੀ ਜ਼ਮੀਨ ਹੋਵੇ ਤਾਂ ਧਨ ਕਮਾਉਣ ਲਈ ਫ਼ਸਲਾਂ ਉਗਾਈਆਂ ਜਾਣ। ਪਰ ਇਹਨਾਂ ਵਿਚ ਗਾਂਜਾ, ਤੰਬਾਕੂ ਤੇ ਅਫ਼ੀਮ ਆਦਿ ਦੀ ਉਪਜ ਨਾ ਹੋਵੇ। ਪਿੰਡਾਂ ਵਿਚ ਇਕ ਪੇਂਡੂ ਥੀਏਟਰ, ਸਕੂਲ ਤੇ ਪਬਲਿਕ ਹਾਲ ਹੋਵੇ। ਪਿੰਡਾਂ ਦਾ ਆਪਣਾ 'ਜਲ-ਘਰ' ਹੋਵੇ ਜਿੱਥੇ ਯਕੀਨੀ ਤੌਰ ਉਤੇ ਪੀਣ ਲਈ ਸ਼ੁੱਧ ਪਾਣੀ ਮਿਲ ਸਕੇ। ਇਸ ਤਰ੍ਹਾਂ ਦੇ ਪਾਣੀ ਦਾ ਪ੍ਰਬੰਧ ਖੂਹਾਂ ਤੇ ਤਾਲਾਬਾਂ ਰਾਹੀਂ ਹੋ ਸਕਦਾ ਹੈ। ਮੁੱਢਲੀ ਵਿਦਿਆ ਜ਼ਰੂਰੀ ਹੋਵੇ। ਜਿਥੋਂ ਤੱਕ ਸੰਭਵ ਹੋਵੇ ਹਰ ਕਾਰਜ ਸਹਿਕਾਰੀ ਪੱਧਰ ਉਤੇ ਨਜਿੱਠਿਆ ਜਾਵੇ। ਜਾਤਾਂ ਕੋਈ ਨਹੀਂ ਹੋਣਗੀਆਂ ਜਿਵੇਂ ਕਿ ਅੱਜਕੱਲ ਅਛੂਤ ਆਦਿ ਅਸੀਂ ਰੱਖਦੇ ਹਾਂ ਸਤਿਆਗ੍ਰਹਿ ਦੇ ਢੰਗ ਦੀ ਅਹਿੰਸਾ ਤੇ ਨਾ ਮਿਲਵਰਤਣ ਦੇ ਢੰਗ ਦੀ ਅਹਿੰਸਾ ਪਿੰਡ ਦੇ ਲੋਕਾਂ ਲਈ ਸਵੀਕਾਰ ਹੋਵੇਗੀ। ਪਿੰਡ-ਰਾਖਿਆਂ ਤੋਂ ਜ਼ਰੂਰੀ ਸੇਵਾ ਲਈ ਜਾਵੇਗੀ ਜਿਹੜੇ ਕਿ ਪਿੰਡ ਵਲੋਂ ਲਾਏ ਰਜਿਸਟਰ ਅਨੁਸਾਰ ਵਾਰੀ ਨਾਲ ਚੁਣੇ ਜਾਇਆ ਕਰਨਗੇ। ਪਿੰਡ ਸਰਕਾਰ ਦਾ ਕੰਮ ਪੰਜ ਬੰਦਿਆਂ ਦੀ ਪੰਚਾਇਤ ਰਾਹੀਂ ਕੀਤਾ ਜਾਵੇਗਾ। ਇਹ ਪੰਜ ਬੰਦੇ ਸਾਲਾਨਾ ਚੋਣ ਰਾਹੀਂ ਬਾਲਗ-ਪੇਂਡੂਆਂ ਦੁਆਰਾ, ਜਿਨ੍ਹਾਂ ਵਿਚ ਮਰਦ ਤੇ ਇਸਤਰੀ, ਘੱਟੋ ਘੱਟ ਨਿਸ਼ਚਿਤ ਯੋਗਤਾ ਵਾਲੇ ਹੋਣ, ਲਏ ਜਾਇਆ ਕਰਨਗੇ। ਇਹਨਾਂ ਕੋਲ ਸਾਰੇ ਅਧਿਕਾਰ ਹੋਣਗੇ। ਜਦੋਂ ਕਿ ਮੰਨੀ ਗਈ ਸਮਝ ਵਿਚ ਸਜ਼ਾਵਾਂ ਦੇਣ ਦੀ ਕੋਈ ਪ੍ਰਣਾਲੀ ਨਹੀਂ ਹੋਵੇਗੀ, ਇਸ ਪੰਚਾਇਤ ਕੋਲ ਇਕ ਸਾਲ ਲਈ ਵਿਧਾਨਕ ਨਿਆਂਇਕਾਰੀ ਤੇ ਪ੍ਰਸ਼ਾਸਨਕ ਪ੍ਰਬੰਧ ਮਿਲੇ-ਜੁਲੇ ਰੂਪ ਵਿਚ ਹੋਵੇਗਾ।

ਮੁਖੀਆ

ਮਹਾਤਮਾ ਗਾਂਧੀ ਨੇ ਕਿਹਾ ਸੀ ਕਿ ਕੋਈ ਵੀ ਆਦਮੀ ਜਿਹੜਾ ਸੱਚੇ ਲੋਕ-ਰਾਜ ਤੇ ਪੇਂਡੂ-ਜੀਵਨ ਦਾ ਹਿਤੈਸ਼ੀ ਹੋਵੇ, ਪਿੰਡ ਦੇ ਕਾਰਜ ਨੂੰ ਆਪਣੇ ਹੱਥ ਵਿਚ ਲੈ ਸਕਦਾ ਹੈ। ਪਰ ਉਹ ਇਸ ਕਾਰਜ ਨੂੰ ਆਪਣਾ ਸੰਸਾਰ ਤੇ ਮੁਖ-ਕੰਮ ਸਮਝੇ। ਇਸ ਪ੍ਰਕਾਰ ਦਾ ਆਦਮੀ ਪਿੰਡ ਦਾ ਭੰਗੀ ਹੋਵੇ, ਜੁਲਾਹਾ ਹੋਵੇ, ਚੌਂਕੀਦਾਰ, ਵੈਦ ਤੇ ਭਾਵੇਂ ਸਕੂਲ ਮਾਸਟਰ। ਮਹਾਤਮਾ ਨੇ ਭਵਿੱਖ ਬਾਣੀ ਕੀਤੀ ਸੀ ਕਿ ਅੱਜ ਦੇ ਪਿੰਡ

ਜੋ ਗੋਹੇ ਦੀਆਂ ਰੂੜੀਆਂ ਹਨ, ਕੱਲ੍ਹ ਨੂੰ ਉਹ ਅਦਨ ਦੇ ਛੋਟੇ ਛੋਟੇ ਬਾਗ਼ ਦਿੱਸਣਗੇ । ਜਿਥੇ ਕਿ ਉਸ ਪੱਧਰ ਦੇ ਚੇਤਨ ਲੋਕ ਰਹਿੰਦੇ ਹੋਣਗੇ ਜਿਨ੍ਹਾਂ ਨੂੰ ਕੋਈ ਧਖਾ ਨਹੀਂ ਦੇ ਸਕਦਾ। ਕੋਈ ਵਿਗਾੜ ਨਹੀਂ ਸਕੇਗਾ । ਬੰਦੇ ਕਲਾ, ਸਿਹਤ ਤੇ ਵਿਦਿਆ ਇਕੋ ਯੋਜਨਾ ਵਿਚ ਸਮਿੱਲਤ ਹੋਣੇ ਚਾਹੀਦੇ ਹਨ। ਨਵੀਂ ਤਾਲੀਮ ਇਹਨਾਂ ਦੋਹਾਂ ਲਈ ਸੁੰਦਰ ਮਿਸ਼ਰਣ ਹੈ।

ਸਫ਼ਾਈ

ਮਹਾਤਮਾ ਗਾਂਧੀ ਨੇ ਪਿੰਡਾਂ ਦੀ ਸਫ਼ਾਈ ਵੱਲ ਬਹੁਤ ਧਿਆਨ ਦੇਣ ਉਤੇ ਜ਼ੋਰ ਪਾਇਆ, ਤਲਾਬ ਤੇ ਖੂਹ ਸਾਫ਼ ਰੱਖੇ ਜਾਣ, ਗਲੀਆਂ ਤੇ ਬਾਜ਼ਾਰਾਂ ਵਿਚੋਂ ਕੂੜਾ-ਕਰਕਟ ਸਾਫ਼ ਕੀਤਾ ਜਾਵੇ, ਜਿਸ ਦਾ ਕੁਝ ਹਿੱਸਾ ਖਾਦ ਦੇ ਤੌਰ ਤੇ ਵੀ ਵਰਤਿਆ ਜਾ ਸਕਦਾ ਹੈ। ਹੱਡੀਆਂ ਦੀ ਖਾਦ ਬਣਾਈ ਜਾਵੇ। ਲੀਰਾਂ ਤੇ ਰੱਦੀ ਕਾਗ਼ਜ਼ ਨਵਾਂ ਕਾਗਜ਼ ਬਣਾਉਣ ਲਈ ਵਰਤਿਆ ਜਾ ਸਕਦਾ ਹੈ। ਲੋਕਾਂ ਦਾ ਮਲ-ਮੂਤਰ ਇਕ ਫੁੱਟ ਡੂੰਘੇ ਟੋਇਆਂ ਵਿਚ ਦੱਬਿਆ ਜਾਵੇ। ਇਹ ਕੰਮ ਆਪਣੇ ਖੇਤ ਵਿਚ ਹੀ ਕੀਤਾ ਜਾਣਾ ਚਾਹੀਦਾ ਹੈ । ਇਹ ਬਹੁਤ ਉੱਤਮ ਕਿਸਮ ਦੀ ਖਾਦ ਹੈ। ਹੁਣ ਤਾਂ ਇਹ ਲੱਖਾਂ ਰੁਪਿਆਂ ਦੀ ਵਧੀਆ ਖਾਦ ਅਜਾਈਂ ਜਾ ਰਹੀ ਹੈ। ਹਵਾ ਨੂੰ ਗੰਦਾ ਕਰਦੀ ਤੇ ਬੀਮਾਰੀ ਫੈਲਾਉਂਦੀ ਹੈ। ਚੁੱਲੇ ਦੀ ਸੁਆਹ ਕਿਸੇ ਵੀ ਕੀਟ-ਨਾਸ਼ਕ ਦਵਾਈ ਨਾਲੋਂ ਚੰਗੀ ਹੈ। ਇਸ ਦਾ ਵਧੇਰੇ ਪ੍ਰਯੋਗ ਕੀਤਾ ਜਾਵੇ। ਗੋਹੇ ਦੀ ਖਾਦ ਲਈ ਟੋਏ ਪੁੱਟ ਕੇ ਰੱਖੇ ਜਾਣ।

ਆਦਰਸ਼ ਪਿੰਡ

"ਆਪ ਦੀ ਰਾਏ ਵਿਚ ਆਦਰਸ਼ ਭਾਰਤੀ-ਪਿੰਡ ਕੀ ਹੈ ਤੇ ਭਾਰਤ ਦੀ ਆਧੁਨਿਕ ਤੇ ਰਾਜਨੀਤਕ ਦਸ਼ਾ ਵਿਚ "ਆਦਰਸ਼ ਪਿੰਡ" ਦੇ ਆਧਾਰ ਉਤੇ ਇਕ ਪਿੰਡ ਉਸਾਰਨਾ ਕਿੰਨਾ ਕੁ ਸੰਭਵ ਹੈ ? ਇਹ ਪ੍ਰਸ਼ਨ ਇਕ ਵਾਰੀ ਇਕ ਪਾਠਕ ਵਲੋਂ ਮਹਾਤਮਾ ਗਾਂਧੀ ਨੂੰ ਕੀਤਾ ਗਿਆ ਸੀ। ਉਹਨਾਂ ਨੇ ੯ ਜੁਲਾਈ ੧੯੩੭ ਦੇ "ਹਰਿਜਨ" ਵਿਚ ਇਸ ਦਾ ਇਸ ਪ੍ਰਕਾਰ ਉੱਤਰ ਦਿੱਤਾ ਸੀ—ਇਕ ਆਦਰਸ਼ ਭਾਰਤੀ-ਪਿੰਡ ਇਸ

ਤਰ੍ਹਾਂ ਦਾ ਉਸਾਰਿਆ ਜਾਵੇਗਾ ਜਿਸ ਵਿਚ ਮੁਕੰਮਲ ਸਫ਼ਾਈ ਹੋਵੇ। ਇਸ ਪਿੰਡ ਵਿਚ ਇਸ ਦੇ ਪੰਜ ਮੀਲ ਦੇ ਘੇਰੇ ਵਿਚੋਂ ਮਿਲਦੇ ਸਾਮਾਨ ਨਾਲ ਬਣਾਏ ਅਜਿਹੇ ਘਰ ਹੋਣਗੇ, ਜਿਨ੍ਹਾਂ ਵਿਚ ਲੋੜੀਂਦੀ ਰੋਸ਼ਨੀ ਤੇ ਹਵਾ ਦੀ ਆਵਾਜਾਈ ਦਾ ਪ੍ਰਬੰਧ ਹੋਵੇ। ਘਰਾਂ ਵਿਚ ਵਿਹੜੇ ਹੋਣਗੇ— ਜਿਨ੍ਹਾਂ ਵਿਚ ਘਰੇਲੂ ਵਰਤੋਂ ਦੀਆਂ ਸਬਜ਼ੀਆਂ ਉਗਾਈਆਂ ਜਾ ਸਕਣ ਤੇ ਪਸ਼ੂ ਬੰਨ੍ਹੇ ਜਾਣ। ਪਿੰਡ ਦੀਆਂ ਗਲੀਆਂ ਤੇ ਬਾਜ਼ਾਰਾਂ ਵਿਚ ਕੂੜਾ ਨਹੀਂ ਹੋਵੇਗਾ। ਖੂਹ ਹੋਣਗੇ ਜਿਥੋਂ ਸਭ ਦੀਆਂ ਜ਼ਰੂਰਤਾਂ ਪੂਰੀਆਂ ਹੋਣ ਤੇ ਹਰ ਇਕ ਦੀ ਪਹੁੰਚ ਵਿਚ ਹੋਣ। ਪੂਜਾ-ਸਥਾਨ ਹੋਵੇਗਾ, ਸਾਂਝੀ ਮਿਲਣ ਥਾਂ, ਪਸ਼ੂ ਚਾਰਨ ਲਈ ਪਿੰਡ ਦੀ ਸਾਂਝੀ ਚਰਾਂਦ, ਸਰਕਾਰੀ ਡੇਅਰੀ, ਪ੍ਰਾਇਮਰੀ ਤੇ ਸੈਕੰਡਰੀ ਸਕੂਲ ਜਿਸ ਵਿਚ ਉਦਯੋਗਿਕ ਸਿਖਿਆ ਜ਼ਰੂਰੀ ਅਤੇ ਝਗੜੇ ਨਿਪਟਾਉਣ ਲਈ ਪੰਚਾਇਤ ਹੋਵੇਗੀ। ਇਹ ਪਿੰਡ ਆਪਣਾ ਅਨਾਜ, ਸਬਜ਼ੀਆਂ, ਫਲ ਤੇ ਖਾਦੀ ਆਪ ਪੈਦਾ ਕਰੇਗਾ। ਅਜੋਕੀ ਦਸ਼ਾ ਵਿਚ ਘਰਾਂ ਦੀ ਮਾਮੂਲੀ ਜਿਹੀ ਤਬਦੀਲੀ ਕੀਤੀ ਜਾਵੇਗੀ। ਮੇਰਾ ਵਿਸ਼ਵਾਸ ਹੈ ਕਿ ਪੇਂਡੂ ਲੋਕ, ਯੋਗ ਅਗਵਾਈ ਅਧੀਨ, ਪਿੰਡ ਦੀ ਆਮਦਨ ਦੁੱਗਣੀ ਕਰ ਸਕਦੇ ਹਨ। ਸਾਡੇ ਪਿੰਡ ਵਿਚ ਵਣਜ-ਵਪਾਰ ਦੇ ਮੰਤਵਾਂ ਲਈ ਅਮੁੱਕ ਭੰਡਾਰ ਹਨ।"

ਪੁਨਰ ਝਾਤ

ਗਾਂਧੀਵਾਦੀ ਪਿੰਡ ਦਾ ਸੰਕਲਪ ਬਰਤਾਨਵੀ ਰਾਜ ਵਿਚ ਅਨਪੜ੍ਹਤਾ, ਗ਼ਰੀਬੀ, ਬਿਦੇਸ਼ੀ ਗ਼ੁਲਾਮੀ ਤੇ ਜੜ੍ਹਤਾ ਕਾਰਨ ਰੂਪਮਾਨ ਨਾ ਹੋ ਸਕਿਆ। ਪਰ ਦੇਸ਼ ਦੀ ਆਜ਼ਾਦੀ ਬਾਅਦ ਪੰਜ ਸਾਲਾ ਯੋਜਨਾ ਅਧੀਨ ਪਿੰਡ-ਸੁਧਾਰ ਦੇ ਖੇਤਰ ਵਿਚ ਗਾਂਧੀਵਾਦੀ ਆਦਰਸ਼ਾਂ ਨੂੰ ਹੀ ਅਪਣਾਇਆ ਗਿਆ। ਮਹਾਤਮਾ ਗਾਂਧੀ ਦੇ ਸੁਪਨੇ ਅਨੁਸਾਰ ਸਾਡੇ ਪਿੰਡ ਅਦਨ ਦੇ ਬਾਗ਼ ਤਾਂ ਨਹੀਂ ਬਣ ਸਕੇ, ਅੱਜ ਦੇ ਯੁੱਗ ਵਿਚ ਇਹਨਾਂ ਦਾ ਸ਼ਹਿਰੀ-ਕਰਣ ਜ਼ਰੂਰ ਸ਼ੁਰੂ ਹੋ ਗਿਆ ਹੈ। ਨਤੀਜਾ ਇਹ ਹੋਇਆ ਕਿ ਪਿੰਡ ਦਾ ਦੱਬਿਆ ਹੋਇਆ ਵਿਅਕਤੀ ਹੋਰ ਦੱਬ ਗਿਆ ਹੈ। ਕੁਝ ਕਰ-ਗੁਜ਼ਰਨ ਵਾਲਾ ਵਿਅਕਤੀ ਖ਼ੁਦ ਹੀ ਸ਼ਹਿਰ ਨੂੰ ਦੌੜ ਗਿਆ ਹੈ।

ਖੇਤੀਬਾੜੀ ਯੂਨੀਵਰਸਿਟੀ ਕੈਂਪਸ ਤੋਂ—

ਮਨੁੱਖਤਾ ਦੀ ਸੇਵਾ ਵਿਚ ਜੰਗਲ

—ਡਾ: ਐਸ. ਐਸ. ਦੁਸਾਂਝ

ਸਤਿੰਦਰ ਸਿੰਘ ਸੰਧੂ, ਖੇਤੀਬਾੜੀ ਯੂਨੀਵਰਸਿਟੀ ਦੇ ਬਾਟਨੀ ਵਿਭਾਗ ਦਾ ਵਿਦਿਆਰਥੀ ਆਈ. ਐਫ. ਐਸ ਮੁਕਾਬਲੇ ਵਿਚ ਪਹਿਲੇ ਨੰਬਰ ਤੇ ਆਇਆ—ਇਹ ਖ਼ਬਰ ਸਾਰੀ ਯੂਨੀਵਰਸਿਟੀ ਵਿਚ ਜੰਗਲ ਦੀ ਅੱਗ ਵਾਂਙ ਫੈਲ ਗਈ। ਟੀਚਰ ਵਿਦਿਆਰਥੀ ਕਰਮਚਾਰੀ ਸਭ ਖ਼ੁਸ਼ੀ ਨਾਲ ਫੁੱਲੇ ਨਹੀਂ ਸੀ ਸਮਾਂਦੇ ਅਤੇ ਸੰਧੂ ਨੂੰ ਮੁਬਾਰਕਾਂ ਦੇਣ ਲਈ ਇਕ ਦੂਜੇ ਤੋਂ ਅੱਗੇ ਬਾਟਨੀ ਵਿਭਾਗ ਵੱਲ ਭੱਜੇ ਜਾ ਰਹੇ ਸਨ। ਵਧਾਈ ਦੇਣ ਤੋਂ ਬਾਅਦ ਜਦੋਂ ਲੋਕਾਂ ਨੂੰ ਪਤਾ ਲੱਗਾ ਕਿ ਸੰਧੂ ਨੇ ਇੰਡੀਅਨ ਫਾਰਨ ਸਰਵਿਸ ਨਹੀਂ ਸਗੋਂ ਇੰਡੀਅਨ ਫਾਰੈਸਟ ਸਰਵਿਸ ਵਿਚ ਪਹਿਲਾ ਨੰਬਰ ਪ੍ਰਾਪਤ ਕੀਤਾ ਹੈ ਤਾਂ ਉਹਨਾਂ ਦਾ ਸਵਾਦ ਜ਼ਰਾ ਕਿਰਕਿਰਾ ਹੋ ਗਿਆ। ਜੰਗਲਾਤ ਦੇ ਮਜ਼ਮੂਨ ਨਾਲ ਕਿਸੇ ਦੀ ਵੀ ਦਿਲਚਸਪੀ ਨਹੀਂ ਸੀ।

ਸਭਿਅਤਾ ਦਾ ਆਧਾਰ

ਪੜ੍ਹੇ ਲਿਖੇ ਵਿਦਵਾਨਾਂ ਨੂੰ ਜੰਗਲ ਦੀ ਗੱਲ ਪੂਰਨ-ਸਭਿਅਤਾ ਦਾ ਚਿੰਨ੍ਹ ਹੀ ਲੱਗਦੀ ਹੈ। ਜਿੱਥੇ ਸੱਭਿਅਤਾ ਦੀ ਹਾਨੀ ਹੋ ਜਾਵੇ ਉਥੇ ਜੰਗਲ ਦੇ ਕਾਨੂੰਨ ਦੀ ਗੱਲ ਤੁਰਦੀ ਹੈ। ਹਾਲਾਂ ਕਿ ਸੱਚ ਇਹ ਹੈ ਕਿ ਜੰਗਲ ਸਭਿਅਤਾ ਦਾ ਕੇਵਲ ਆਧਾਰ ਹੀ ਨਹੀਂ ਸਗੋਂ ਉਸਾਰ ਵੀ ਹਨ। ਇਕ ਕਾਗਜ਼ ਦੀ ਹੋਂਦ ਬਿਨਾਂ ਦੁਨੀਆਂ ਦਾ ਨਕਸ਼ਾ ਹੀ ਵੱਖਰਾ ਹੁੰਦਾ। ਇਹ ਸਭ ਕੁਝ ਗਿਆਨ ਖੋਜ ਦੀਆਂ ਪੁਸਤਕਾਂ ਸਾਕਾਰ ਨਾ ਹੁੰਦੀਆਂ ਅਤੇ ਸਭਿਅਤਾ ਜੰਗਲੀ ਪੜਾਅ ਨਾ ਟੱਪ ਸਕਦੀ। ਇਸ ਕਾਗਜ਼ ਦਾ ਆਧਾਰ ਵੀ ਜੰਗਲ ਹੀ ਬਣੇ। ਇਕੱਲਾ ਕਾਗਜ਼ ਨਹੀਂ ਅਣਗਿਣਤ ਵਸਤਾਂ ਅਜਿਹੀਆਂ ਹਨ ਜਿਨ੍ਹਾਂ ਆਸਰੇ ਮਨੁੱਖ ਸਭਿਆ ਹੋਣ ਦਾ ਦਾਅਵਾ ਕਰਦਾ ਹੈ ਜੋ ਕੇਵਲ ਜੰਗਲਾਂ ਦੀ ਹੋਂਦ ਤੇ ਹੀ

ਆਧਾਰਤ ਹਨ।

੧੯੪੭ ਦੀ ਵੰਡ ਅਤੇ ਫੇਰ ੧੯੬੬ ਦੀ ਨਵੀਂ ਹੱਦ-ਬੰਦੀ ਤੋਂ ਬਾਅਦ ਪੰਜਾਬ ਵਿਚ ਪਹਾੜ ਤੇ ਜੰਗਲ ਮਸਾਂ ਸਹੂੰ ਖਾਣ ਜੋਗੇ ਹੀ ਬਚੇ ਹਨ। ਦੇਸ਼ ਦੀ ਜੰਗਲਾਤ ਨੀਤੀ ਅਨੁਸਾਰ ਭੂਗੋਲਿਕ ਰਕਬੇ ਦਾ ੨੨ 'ਪ੍ਰਤੀਸ਼ਤ' ਜੰਗਲਾਤ ਹੋਣੇ ਚਾਹੀਦੇ ਹਨ ਪਰ ਪੰਜਾਬ ਵਿਚ ਕੇਵਲ ੨ ਪ੍ਰਤੀਸ਼ਤ ਧਰਤੀ ਜੰਗਲਾਤ ਹੇਠ ਹੈ। ਪੰਜਾਬ ਖੇਤੀ ਪ੍ਰਧਾਨ ਹੋਣ ਕਰਕੇ ਇੱਥੇ ਜੰਗਲਾਤ ਥੱਲੇ ਹੋਰ ਰਕਬਾ ਲਿਆਉਣਾ ਸੰਭਵ ਵੀ ਨਹੀਂ। ਹਾਲਾਤ ਦੀ ਨਜ਼ਾਕਤ ਮੰਗ ਕਰਦੀ ਹੈ ਕਿ ਜੰਗਲਾਤ ਦੇ ਮਹੱਤਵ ਤੋਂ ਜਾਣੂੰ ਹੋਇਆ ਜਾਵੇ ਕਿਉਂਕਿ ਜੰਗਲਾਤ ਦੀ ਅਣਹੋਂਦ ਮਨੁੱਖਤਾ ਲਈ ਖ਼ਤਰਾ ਬਣ ਸਕਦੀ ਹੈ। ਜੰਗਲਾਤ ਸਥਾਨਿਕ ਪੌਣ ਪਾਣੀ ਤੇ ਸਿੱਧਾ ਅਸਰ ਕਰਦੇ ਹਨ। ਜੰਗਲਾਤ ਦੀ ਹੋਂਦ ਨਾਲ ਦਿਨ ਦੇ ਘੱਟੋ ਘੱਟ ਤੇ ਵੱਧ ਤੋਂ ਵੱਧ ਤਾਪਮਾਨ ਵਿਚ ਬਹੁਤਾ ਅੰਤਰ ਨਹੀਂ ਰਹਿੰਦਾ ਅਤੇ ਇਹ ਵਾਤਾਵਰਣਕ ਪ੍ਰਬੰਧ ਵਿਚ ਸੰਤੁਲਨ ਬਣਾਈ ਰੱਖਦੇ ਹਨ।

ਬਾਲਣ ਤੇ ਖ਼ੁਰਾਕ

ਵਿਕਾਸ ਕਰ ਰਹੇ ਦੇਸ਼ਾਂ ਵਿਚ ਜਿਸ ਰਫ਼ਤਾਰ ਨਾਲ ਖੇਤੀਬਾੜੀ ਲਈ ਜੰਗਲ ਸਾਫ਼ ਕੀਤੇ ਜਾ ਰਹੇ ਹਨ ਉਸ ਹਿਸਾਬ ਨਾਲ ਅਗਲੇ ੬੦ ਸਾਲਾਂ ਵਿਚ ਜੰਗਲਾਂ ਦੇ ਮੁਕ ਜਾਣ ਦੀ ਸੰਭਾਵਨਾ ਹੈ। ਬਾਲਣ ਤੇ ਖ਼ੁਰਾਕ ਦੀਆਂ ਲੋੜਾਂ ਮਨੁੱਖ ਨੂੰ ਜੰਗਲਾਂ ਦੇ ਖ਼ਾਤਮੇ ਲਈ ਮਜਬੂਰ ਕਰ ਰਹੀਆਂ ਹਨ। ਇਸ ਤਰ੍ਹਾਂ ਮਨੁੱਖ ਆਪਣੀਆਂ ਸਮੱਸਿਆਵਾਂ ਦੇ ਤੁਰੰਤ ਹੱਲ ਲਈ ਲੰਬੇ ਸਮੇਂ ਦੇ ਖ਼ਤਰੇ ਸਹੇੜ ਰਿਹਾ ਹੈ। ਭਾਰਤ ਵਿਚ ਜੰਗਲਾਂ ਦੀ ਘਾਟ ਅਤੇ ਵਧਦੀ ਆਬਾਦੀ ਨਾਲ ਵਧੀ ਬਾਲਣ ਦੀ ਲੋੜ ਨੇ ਲੋਕਾਂ ਨੂੰ ਗੋਹਾ ਬਾਲਣ ਤੇ ਮਜਬੂਰ ਕਰ ਦਿੱਤਾ ਹੈ। ਭਾਰਤ ਵਿਚ ੬੦ ਲੱਖ ਟਨ ਨਾਈਟਰੋਜਨ ਖਾਦ ਦੇ ਬਰਾਬਰ ਗੋਹਾ ਬਾਲਣ ਦੇ ਰੂਪ ਵਿਚ ਵਰਤਿਆ ਜਾਂਦਾ ਹੈ। ਭਾਰਤ ਵਿਚ ਨਾਈਟਰੋਜਨ ਖਾਦਾਂ ਦੀ ਇਕ ਸਾਲ ਦੀ ਖੱਪਤ ਇਹਨਾਂ ਅੰਕੜਿਆਂ ਤੋਂ ਕੁਝ ਘੱਟ ਹੀ ਹੁੰਦੀ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਬਕਾ ਵਾਈਸ-ਚਾਂਸਲਰ

ਡਾ: ਅਮਰੀਕ ਸਿੰਘ ਚੀਮਾ ਅਨੁਸਾਰ ਸਾਡੀਆਂ ਆਰਥਿਕ ਲੋੜਾਂ ਨੇ ਜੰਗਲਾਤ ਦੇ ਵਿਕਾਸ ਵੱਲ ਸਾਡਾ ਧਿਆਨ ਖਿੱਚਿਆ ਹੈ। ਡਾ: ਚੀਮਾ ਨੇ ਦੱਸਿਆ ਕਿ ਖੇਤੀਬਾੜੀ ਸੰਬੰਧੀ ਰਾਸ਼ਟਰੀ ਕਮਿਸ਼ਨ ਨੇ ਸਾਰੇ ਪੱਖਾਂ ਤੇ ਡੂੰਘਾ ਅਧਿਐਨ ਕਰਕੇ ਇਹ ਸਿਫ਼ਾਰਸ਼ ਕੀਤੀ ਹੈ ਕਿ ਪੰਜਾਬ, ਹਰਿਆਣਾ ਅਤੇ ਯੂ. ਪੀ. ਰਾਜਾਂ ਵਿਚ ਪਿੰਡਾਂ ਅਤੇ ਸ਼ਹਿਰਾਂ ਵਿਚ ਬਹੁ-ਗਿਣਤੀ ਵਿਚ ਦਰੱਖਤ ਲਗਾ ਕੇ ਜਗਲਾਂ ਦੀ ਘਾਟ ਪੂਰੀ ਕਰਨ ਦੀ ਲੋੜ ਹੈ। ਇਸ ਸਿਫ਼ਾਰਸ਼ ਨੂੰ ਕੇਂਦਰੀ ਸਰਕਾਰ ਨੇ ਪ੍ਰਵਾਨ ਕਰ ਲਿਆ ਹੈ।

ਪੰਜਾਬ ਵਿਚ ਪ੍ਰੰਪਰਕ ਜੰਗਲਾਂ ਦੀ ਕੋਈ ਸੰਭਾਵਨਾ ਨਹੀਂ ਕੀਤੀ ਜਾ ਸਕਦੀ ਪਰ ਪਿੰਡਾਂ ਤੇ ਸ਼ਹਿਰਾਂ ਵਿਚ ਬਹੁ-ਗਿਣਤੀ ਵਿਚ ਦਰੱਖਤ ਲਾ ਕੇ ਜੰਗਲਾਂ ਦੀ ਘਾਟ ਪੂਰੀ ਕੀਤੀ ਜਾ ਸਕਦੀ ਹੈ। ਨਹਿਰਾਂ ਦੁਆਲੇ, ਸੜਕਾਂ ਦੁਆਲੇ ਅਤੇ ਘਰ ਬਾਗ਼ੀਚੀਆਂ ਵਿਚ ਖੇਤਾਂ ਦੀਆਂ ਆਡਾਂ ਦੇ ਨਾਲ ਨਾਲ ਤੇਜ਼ ਹਵਾ ਰੋਕਣ ਲਈ ਬਾਗ਼ਾਂ ਤੇ ਫਾਰਮਾਂ ਦੇ ਆਸ ਪਾਸ ਦਰੱਖਤਾਂ ਦੀ ਬਾਊਂਡਰੀ-ਕੰਧ ਉਸਾਰੀ ਜਾ ਸਕਦੀ ਹੈ, ਖੂਹਾਂ, ਟਿਊਬਵੈਲਾਂ ਦੇ ਨਾਲ ਪਿੰਡ ਦੇ ਛੱਪੜਾਂ ਦੇ ਆਸ ਪਾਸ ਨਿਆਈਆਂ ਵਿਚ, ਧਾਰਮਿਕ ਅਸਥਾਨਾਂ ਵਿਚ ਬਹੁਤ ਸਾਰੇ ਦਰੱਖ਼ਤ ਲਾਏ ਜਾ ਸਕਦੇ ਹਨ।

ਸਾਧਾਰਣ ਮਨੁੱਖ ਲਈ ਜੰਗਲਾਂ ਦਾ ਲਾਭ ਕੇਵਲ ਬਾਲਣ ਅਤੇ ਫਰਨੀਚਰ ਤੱਕ ਸੀਮਤ ਹੈ। ਪਰ ਜੰਗਲ ਤੇ ਖਾਧ ਖ਼ੁਰਾਕ ਦੀ ਪੈਦਾਵਾਰ ਵਿਚ ਇਕ ਪ੍ਰਸਪਰ ਰਿਸ਼ਤਾ ਹੈ। ਜੰਗਲਾਂ ਤੋਂ ਫਲ, ਡਰਾਈ-ਫਰੂਟ, ਬੇਰ, ਖੁੰਭਾਂ ਅਤੇ ਜੰਗਲੀ ਜਾਨਵਰਾਂ ਦਾ ਮੀਟ ਵੀ ਪ੍ਰਾਪਤ ਹੁੰਦਾ ਹੈ। ਜੰਗਲਾਂ ਨਾਲ ਜ਼ਮੀਨ ਵਧੇਰੇ ਉਪਜਾਊ ਹੋ ਜਾਂਦੀ ਹੈ ਕਿਉਂਕਿ ਇਹਨਾਂ ਤੋਂ ਬਣੀ ਨਾਈਟਰੋਜਨ ਮਲ੍ਹੜ ਧਰਤੀ ਦੀਆਂ ਮੁੱਢਲੀਆਂ ਲੋੜਾਂ ਨੂੰ ਪੂਰਾ ਕਰਦੀ ਹੈ। ਰਸਾਇਣਕ ਖਾਦਾਂ ਮਲ੍ਹੜ ਦਾ ਬਦਲ ਨਹੀਂ ਬਣ ਸਕਦੀਆਂ। ਜੰਗਲਾਂ ਤੋਂ ਸ਼ਹਿਦ, ਰੇਸ਼ਮ ਅਤੇ ਕਈ ਪ੍ਰਕਾਰ ਦੀ ਮੋਮ ਪ੍ਰਾਪਤ ਹੁੰਦੀ ਹੈ। ਜੰਗਲ ਕੋਲੇ, ਲੱਕੜ ਅਤੇ ਅਜਿਹੀ ਵਿਸ਼ੇਸ਼ ਪ੍ਰਕਾਰ ਦੀ ਲੱਕੜ ਦਾ ਸਾਧਨ ਹਨ, ਜਿਨ੍ਹਾਂ ਤੋਂ ਹਾਰ ਸ਼ਿੰਗਾਰ ਤੇ ਘਰਾਂ ਦੀ ਸਜਾਵਟ ਲਈ ਕਲਾ ਕਿਰਤਾਂ ਬਣਾਈਆਂ ਜਾਂਦੀਆਂ ਹਨ। ਇਹ ਗੱਲ ਭਾਵੇਂ ਅਜੀਬ ਲੱਗੇ ਪਰ ਹੈ ਨਿਰੋਲ

ਸੱਚ ਕਿ ਸਨਅਤ ਦੀ ਆਰਥਿਕਤਾ ਵਿਚ ਜੋ ਹਿੱਸਾ ਜੰਗਲਾਂ ਦਾ ਹੈ ਉਹ ਕਿਸੇ ਵੀ ਇਕ ਵਸਤੂ ਦਾ ਨਹੀਂ ਹੋ ਸਕਦਾ। ਅਖ਼ਬਾਰਾਂ ਲਈ ਕਾਗਜ਼, ਲਿਖਣ ਵਾਲਾ ਵਧੀਆ ਕਾਗਜ਼ ਗੱਤੇ, ਪੇਪਰ ਨੈਪਕਿਨ, ਹਲ- ਪੰਜਾਲੀਆਂ, ਇਮਾਰਤਾਂ ਦੀ ਲੱਕੜ, ਰੇਸ਼ਮ ਤੇ ਹੋਰ ਕੱਪੜੇ, ਹਾਥੀ ਦੰਦ, ਚਮੜੇ ਦੀਆਂ ਵਸਤਾਂ, ਪੇਂਟ, ਗੂੰਦ, ਸਰੇਸ਼, ਲਾਖ, ਅਨੇਕਾਂ ਦਵਾਈਆਂ ਵਿਚ ਪੈਣ ਵਾਲੇ ਤੇਲ ਅਤੇ ਹੋਰ ਮਨੁੱਖੀ ਸੇਵਾ ਵਿਚ ਕੰਮ ਆਉਣ ਵਾਲੀਆਂ ਜੜ੍ਹੀ ਬੂਟੀਆਂ ਸਭ ਜੰਗਲਾਂ ਦੀ ਹੀ ਦੇਣ ਹਨ।

ਜੰਗਲਾਂ ਦਾ ਮਹੱਤਵ ਬਹੁ-ਆਕਾਰਮਈ ਹੈ। ਦਰੱਖਤ ਮਨੁੱਖਤਾ ਦਾ ਦੋਸਤ ਹੈ, ਪਰ ਕਿਸਾਨ ਤੇ ਸਨਅਤਕਾਰਾਂ ਦਾ ਤਾਂ ਮੂਲ ਆਧਾਰ ਹੈ। ਸਭਿਅਤਾ ਦੇ ਵਿਕਾਸ ਨਾਲ ਹੁਣ ਜੰਗਲਾਂ ਦੇ ਸੰਕਲਪ ਵਿਚ ਵੀ ਤਬਦੀਲੀ ਲਿਆਉਣ ਦੀ ਲੋੜ ਹੈ। ਹੁਣ ਕੁਦਰਤੀ ਜੰਗਲਾਂ ਦੀ ਥਾਂ ਲੋੜ ਅਨੁਸਾਰ ਥਾਂ ਥਾਂ ਦਰੱਖਤਾਂ ਦੀ ਗਿਣਤੀ ਵਧਾ ਕੇ ਪੂਰੀ ਕੀਤੀ ਜਾ ਸਕਦੀ ਹੈ। ਕਿਸਾਨ ਨੂੰ ਦਰੱਖਤਾਂ ਦਾ ਬਹੁ-ਆਕਾਰਮਈ ਮਹੱਤਵ ਨਾ ਪਤਾ ਹੋਣ ਕਰਕੇ ਜੰਗਲਾਂ ਦੀ ਅਣਹੋਂਦ ਵਧਦੀ ਗਈ ਹੈ ਅਤੇ ਕਿਸਾਨ ਕੇਵਲ ਅਨਾਜ ਵਾਲੀਆਂ ਫ਼ਸਲਾਂ ਤੇ ਹੀ ਨਿਰਭਰ ਕਰਦਾ ਆ ਰਿਹਾ ਹੈ। ਪਰ ਹੁਣ ਹਾਲਾਤ ਖ਼ਤਰੇ ਵੱਲ ਵਧ ਰਹੇ ਹਨ। ਵਾਤਾਵਰਣਕ ਅਸੰਤੁਲਨ ਪੈਦਾ ਹੋਣ ਕਰਕੇ ਫਸਲਾਂ ਨੂੰ ਕਈ ਕਿਸਮ ਦੀਆਂ ਨਵੀਆਂ ਬੀਮਾਰੀਆਂ ਲੱਗ ਰਹੀਆਂ ਹਨ। ਹਾਨੀਕਾਰਕ ਕੀੜਿਆਂ ਦੇ ਕੁਦਰਤੀ ਦੁਸ਼ਮਣ ਜੰਗਲਾਂ ਦੇ ਨਾਲ ਖ਼ਤਮ ਹੋ ਰਹੇ ਹਨ। ਸਾਰੀ ਦੁਨੀਆਂ ਵਿਚ ਹੀ ਫਸਲ ਵਿਗਿਆਨੀ ਇਸ ਸਿੱਟੇ ਤੇ ਪਹੁੰਚ ਗਏ ਹਨ ਕਿ ਫਸਲਾਂ ਦੀ ਇਕਹਿਰੀ ਖੇਤੀ ਠੀਕ ਨਹੀਂ ਅਤੇ ਖੇਤੀ ਵਿਚ 'ਵੱਧ ਭਿੰਨਤਾ ਲਿਆਉਣ ਦੀ ਲੋੜ ਹੈ। ਧਰਤੀ, ਦਰੱਖਤ, ਫਸਲਾਂ, ਜਾਨਵਰ ਇਨ੍ਹਾਂ ਸਭ ਵਿਚ ਇਕ ਸੰਤੁਲਤ ਰਿਸ਼ਤਾ ਕਾਇਮ ਰੱਖਣ ਦੀ ਲੋੜ ਹੈ। ਇਨ੍ਹਾਂ ਵਿਚ ਕਿਸੇ ਇਕ ਅੰਸਰ ਦੀ ਘਾਟ ਕਾਰਨ ਵਾਤਾਵਰਣਕ ਅਸੰਤੁਲਨ ਪੈਦਾ ਹੋ ਸਕਦਾ ਹੈ ਜੋ ਮਨੁੱਖਤਾ ਲਈ ਖ਼ਤਰਾ ਬਣ ਸਕਦਾ ਹੈ। ਖ਼ਾਲੀ ਥਾਵਾਂ ਤੇ ਖੇਤਾਂ ਵਿਚ, ਸਾਂਝੀਆਂ ਸ਼ਾਮਲਾਟਾਂ ਵਿਚ, ਫ਼ਿਰਨੀਆਂ ਵਿਚ ਨਹਿਰਾਂ ਦੁਆਲੇ, ਸੜਕਾਂ ਦੁਆਲੇ ਦਰੱਖਤ ਲਾਉਣੇ ਹੁਣ ਲਾਜ਼ਮੀ ਹੋ ਗਏ ਹਨ, ਕਿਉਂਕਿ ਵਧਦੀ ਆਬਾਦੀ ਦੇ ਦਬਾਓ ਕਾਰਨ ਕੁਦਰਤੀ ਜੰਗਲ ਖ਼ਤਮ ਹੁੰਦੇ ਜਾ ਰਹੇ ਹਨ।

ਭਾਰਤ ਅੰਦਰ ਰਿਸ਼ਵਤ ਦਾ ਵਧ ਰਿਹਾ ਰੁਝਾਨ-ਦੇਸ਼ ਲਈ ਖ਼ਤਰਨਾਕ

(ਦਲੀਪ ਸਿੰਘ 'ਵਾਸਨ' ਐਡਵੋਕੇਟ ਪਟਿਆਲਾ)

ਸਾਡੇ ਦੇਸ਼ ਵਿਚ ਰਿਸ਼ਵਤ ਕਈ ਤਰ੍ਹਾਂ ਦੀ ਹੈ ਪਰ ਪ੍ਰਮੁੱਖ ਤੌਰ ਤੇ ਰਿਸ਼ਵਤ ਸਰਕਾਰੀ ਮੁਲਾਜ਼ਮਾਂ ਵਿਚ ਅਤੇ ਰਾਜਸੀ ਲੀਡਰਾਂ ਵਿਚ ਪਾਈ ਜਾਂਦੀ ਹੈ। ਸਰਕਾਰੀ ਮੁਲਾਜ਼ਮ ਰਿਸ਼ਵਤ ਲੈਂਦੇ ਪਕੜੇ ਵੀ ਜਾਂਦੇ ਹਨ ਤੇ ਕਈ ਵਾਰੀ ਸਜ਼ਾਵਾਂ ਵੀ ਖਾਂਦੇ ਹਨ। ਪਰ ਰਾਜਸੀ ਲੀਡਰ ਪਕੜੇ ਨਹੀਂ ਜਾਂਦੇ। ਜੇਕਰ ਕੋਈ ਅਖ਼ਬਾਰ ਵਾਲਾ ਉਨ੍ਹਾਂ ਦੀ ਲਈ ਰਿਸ਼ਵਤ ਬਾਰੇ ਕੋਈ ਤੱਥ ਅਖ਼ਬਾਰਾਂ ਰਾਹੀਂ ਲੋਕਾਂ ਦੀ ਨਜ਼ਰ ਕਰ ਵੀ ਦਿੰਦਾ ਹੈ ਤਾਂ ਵੀ ਇਹ ਰਾਜਸੀ ਲੀਡਰਾਂ ਵਿਰੁੱਧ ਮੁਕੱਦਮਾ ਨਹੀਂ ਚਲਦਾ ਅਤੇ ਨਾ ਹੀ ਇਨ੍ਹਾਂ ਰਾਜਿਆਂ ਨੂੰ ਕੋਈ ਸਜ਼ਾ ਹੀ ਦਿੱਤੀ ਜਾਂਦੀ ਹੈ। ਲੋਕੀਂ ਬਹੁਤ ਰੌਲਾ ਰੱਪਾ ਪਾ ਬੈਠਣ ਤਾਂ ਰਾਜਸੀ ਲੀਡਰਾਂ ਵਿਰੁੱਧ ਪੜਤਾਲ ਕਰਨ ਲਈ ਕਿਸੇ ਕਮਿਸ਼ਨ ਦੀ ਸਥਾਪਨਾ ਕਰ ਦਿੱਤੀ ਜਾਂਦੀ ਹੈ ਅਤੇ ਫਿਰ ਵਾਰ ਵਾਰ ਉਸ ਦਾ ਅੰਤਿਮ ਸਮਾਂ ਵਧਾਇਆ ਜਾਂਦਾ ਹੈ। ਇਹ ਸਮਾਂ ਉਦੋਂ ਤੱਕ ਵਧਦਾ ਰਹਿੰਦਾ ਹੈ ਜਦੋਂ ਤੱਕ ਲੋਕਾਂ ਦੀ ਯਾਦ ਸ਼ਕਤੀ ਮੁੱਕ ਨਹੀਂ ਜਾਂਦੀ ਜਾਂ ਗਵਾਹੀਆਂ ਭੁੱਲ ਭੁਲਾ ਹੀ ਨਹੀਂ ਜਾਂਦੀਆਂ। ਰਿਪੋਰਟ ਰਾਜਸੀ ਲੀਡਰਾਂ ਦੇ ਹੱਕ ਵਿਚ ਆ ਜਾਵੇ ਤਾਂ ਮੁਆਮਲਾ ਆਪਣੇ ਆਪ ਹੀ ਠੱਪ ਹੋ ਜਾਂਦਾ ਹੈ। ਜੇਕਰ ਰਿਪੋਰਟ ਵਿਰੁੱਧ ਆ ਜਾਵੇ ਤਾਂ ਮਰਜ਼ੀ ਹੈ; ਲੋਕਾਂ ਦੀ ਨਜ਼ਰ ਕਰ ਦਿੱਤੀ ਜਾਵੇ ਤੇ ਮਰਜ਼ੀ ਹੈ ਲੋਕ ਹਿੱਤ ਵਿਚ ਉਸ ਨੂੰ ਨਸ਼ਰ ਹੀ ਨਾ ਕੀਤਾ ਜਾਵੇ। ਇਹ ਸਿਲਸਿਲਾ ਅਸੀਂ ਭਾਰਤੀਆਂ ਨੇ ਅਪਣਾਅ ਲਿਆ ਹੈ ਅਤੇ ਅੱਜ ਤੱਕ ਇਸ ਉੱਤੇ ਕਿੰਤੂ ਨਹੀਂ ਕੀਤਾ ਗਿਆ।

ਕਿੰਤੂ ਕੀਤਾ ਵੀ ਕਿਵੇਂ ਜਾਂਦਾ। ਭਾਰਤ ਵਿਚ ਰਾਜਸੀ ਲੋਕ ਰਾਜ ਕਰਦੇ ਹਨ ਅਤੇ ਅੱਜ ਰਾਜਸੀ ਲੋਕਾਂ ਨੇ ਆਪਣੇ ਆਪ ਨੂੰ ਇਕ ਵੱਖਰੀ ਜਮਾਤ ਦੇ ਰੂਪ ਵਿਚ ਸਥਾਪਿਤ ਵੀ ਕਰ ਲਿਆ ਹੈ ਤੇ ਸੰਗਠਤ ਵੀ ਕਰ ਲਿਆ ਹੈ। ਵਕਤ ਦੀ ਹਾਕਮ ਪਾਰਟੀ ਨੂੰ ਹਮੇਸ਼ਾਂ ਇਸ ਗੱਲ ਦਾ ਖ਼ਿਆਲ ਰਹਿੰਦਾ ਹੈ ਕਿ ਕੱਲ੍ਹ ਨੂੰ ਕਿਸੇ ਦੂਜੀ ਪਾਰਟੀ ਦਾ ਰਾਜ ਵੀ ਸਥਾਪਿਤ ਹੋ ਸਕਦਾ ਹੈ। ਅੱਜ ਅਗਰ ਕਿਸੇ ਵਿਰੋਧੀ ਉੱਤੇ ਚਿੱਕੜ ਉਛਾਲਿਆ ਜਾਂਦਾ ਹੈ ਤਾਂ ਕੱਲ੍ਹ ਸਾਡੇ ਉੱਤੇ ਵੀ ਚਿੱਕੜ ਉਛਾਲਿਆ ਜਾਵੇਗਾ। ਇਹੀ ਕਾਰਨ ਹੈ ਕਿਸੇ ਵਿਰੁੱਧ ਕੋਈ ਕਾਰਵਾਈ ਨਹੀਂ ਹੁੰਦੀ। ਰਿਸ਼ਵਤ ਭਾਰਤ ਵਿਚ ਪ੍ਰਧਾਨ ਹੈ ਅਤੇ ਪੈਸਾ ਕਮਾਉਣ ਦਾ ਇਹ ਬਹੁਤ ਹੀ ਵਧੀਆ ਅਤੇ ਸੌਖਾ ਤਰੀਕਾ ਹੈ। ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਇਮਾਨਦਾਰੀ ਨਾਲ ਲੋਕ ਸੇਵਾ ਵਿਚ ਜਿਹੜਾ ਵੀ ਜੁੱਟਿਆ ਹੋਇਆ ਹੈ, ਉਹ ਮਸਾਂ ਦੋ ਵੇਲਿਆਂ ਦੀ ਰੋਟੀ ਹੀ ਪੂਰੀ ਕਰ ਸਕਦਾ ਹੈ। ਆਪਣੇ ਅਹੁਦੇ ਮੁਤਾਬਿਕ ਅਤੇ ਆਸੇ ਪਾਸੇ ਦੀ ਹਵਾ ਮੁਤਾਬਿਕ ਜਿਸ ਕਿਸੇ ਨੇ ਜਿਉਣਾ ਹੈ, ਉਸ ਨੂੰ ਆਪਣੀ ਸਥਾਪਿਤ ਆਮਦਨ ਤੋਂ ਇਲਾਵਾ ਵੀ ਚਾਰ ਛਿੱਲੜਾਂ ਦਾ ਪ੍ਰਬੰਧ ਕਰਨਾ ਪੈਂਦਾ ਹੈ ਅਤੇ ਇਥੋਂ ਹੀ ਰਿਸ਼ਵਤ ਪਾਣੀ ਨੇ ਜਨਮ ਲਿਆ ਹੈ। ਅਸੀਂ ਦੇਖਦੇ ਹਾਂ ਕਿ ਅੱਜ ਵੋਟਾਂ ਵਿਚ ਖਲੋਣਾ ਤੇ ਫਿਰ ਵੋਟਾਂ ਵਿਚ ਜਿੱਤਣਾ ਇਕ ਕਲਾ ਤਾਂ ਹੈ ਹੀ, ਇਸ ਦੇ ਨਾਲ ਨਾਲ ਇਕ ਵੱਡੀ ਰਕਮ ਖ਼ਰਚ ਕਰਨੀ ਪੈਂਦੀ ਹੈ। ਜੋ ਬੱਸਾਂ, ਗੱਡੀਆਂ, ਰਿਕਸ਼ੇ ਮਸ਼ਹੂਰੀਆਂ ਰਾਹੀਂ ਪ੍ਰਚਾਰ ਕੀਤਾ ਜਾਂਦਾ ਹੈ, ਇਸ ਸਾਰੇ ਕਿਸੇ ਉੱਤੇ ਵੱਡੀਆਂ ਰਕਮਾਂ ਖ਼ਰਚ ਕੀਤੀਆਂ ਜਾਂਦੀਆਂ ਹਨ। ਵੱਡੇ ਵੱਡੇ ਲੀਡਰ ਜਹਾਜ਼ਾਂ ਰਾਹੀਂ ਵੀ ਭੱਜਦੇ ਹਨ ਤਾਂ ਕਿ ਉਹ ਆਪਣੀ ਗੱਲ ਸਾਰੀ ਜਨਤਾ ਤੱਕ ਪੁਚਾ ਸਕਣ। ਬਾਕੀ ਕਦੀ ਕਦੀ ਅਸੀਂ ਸੁਣਦੇ ਹਾਂ ਕਿ ਵੋਟਾਂ ਖ਼ਰੀਦੀਆਂ ਵੀ ਜਾਂਦੀਆਂ ਹਨ। ਵੈਸੇ ਰੋਟੀ-ਪਾਣੀ, ਸ਼ਰਾਬ-ਮੀਟ ਤਾਂ ਚੱਲਦਾ ਹੀ ਹੈ। ਇਹ ਵੱਡੀਆਂ ਰਕਮਾਂ ਕਿੱਥੋਂ ਆਉਂਦੀਆਂ ਹਨ, ਇਸ ਬਾਰੇ ਅਜੇ ਤਕ ਕਿਸੇ ਨੇ ਖੋਜ ਨਹੀਂ ਕੀਤੀ ਤੇ ਨਾ ਹੀ ਕਿਸੇ ਨੇ ਕਰਨੀ ਹੈ। ਇਹ ਖੋਜ ਕਿਸੇ ਨੇ ਕਰਨ ਵੀ ਨਹੀਂ ਦੇਣੀ, ਕਿਉਂਕਿ ਇਸ ਪਾਸੇ ਤੋਂ

ਪਰਦਾ ਕਿਸੇ ਨੇ ਉੱਠਣ ਹੀ ਨਹੀਂ ਦੇਣਾ। ਇਹ ਸਾਰਾ ਸਿਲਸਿਲਾ ਐਸੇ ਢੰਗ ਨਾਲ ਸਥਾਪਿਤ ਹੋ ਗਿਆ ਹੈ ਕਿ ਹੁਣ ਕੋਈ ਕੋਈ ਮਾਈ ਦਾ ਲਾਲ ਹੀ ਵੱਟਾਂ ਵਿਚ ਖੜ੍ਹਨ ਦੀ ਜੁਅਰਤ ਕਰ ਸਕਦਾ ਹੈ। ਸੋ ਇਤਨਾ ਪੈਸਾ ਕਿਥੋਂ ਆਉਂਦਾ ਹੈ ਤੇ ਇਸ ਪੈਸੇ ਦੀ ਪੂਰਤੀ ਕਿਵੇਂ ਹੁੰਦੀ ਹੈ, ਇਹ ਮੁਆਮਲੇ ਅੱਜ ਲੋਕਾਂ ਦੇ ਵਿਚਾਰਾਂ ਦੇ ਅਧਿਕਾਰ ਖੇਤਰ ਤੋਂ ਬਾਹਰ ਕੱਢ ਲਏ ਗਏ ਹਨ ਅਤੇ ਇਥੋਂ ਹੀ ਰਾਜਸੀ ਰਿਸ਼ਵਤ ਦਾ ਦੌਰ ਸ਼ੁਰੂ ਹੋ ਗਿਆ ਹੈ। ਇਸ ਲਈ ਅਸੀਂ ਕਦੀ ਵੀ ਰਾਜਸੀ ਰਿਸ਼ਵਤ ਖ਼ਤਮ ਨਹੀਂ ਕਰ ਪਾਵਾਂਗੇ, ਮਾੜੀ ਮੋਟੀ ਰਿਸ਼ਵਤ ਦਾ ਸਿਲਸਿਲਾ ਬਹੁਤ ਪੁਰਾਣਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮਿਆਂ ਵਿਚ ਵੀ ਰਿਸ਼ਵਤ ਪ੍ਰਥਾ ਕਾਇਮ ਸੀ। ਮੈਂ ਤਾਂ ਇਹ ਕਹਿਣ ਵਿਚ ਜ਼ਰਾ ਵੀ ਗੁਰੇਜ਼ ਨਹੀਂ ਕਰਦਾ। ਮੈਂ ਸਪੱਸ਼ਟ ਸ਼ਬਦਾਂ ਵਿਚ ਕਹਿ ਸਕਦਾ ਹਾਂ ਕਿ ਰਿਸ਼ਵਤ ਅਸੀਂ ਕਦੀ ਵੀ ਖਤਮ ਨਹੀਂ ਕਰ ਸਕਾਂਗੇ। ਰਿਸ਼ਵਤ ਲੈਣ ਦੇ ਢੰਗ ਤਰੀਕਿਆਂ ਵਿਚ ਬਹੁਤ ਹੀ ਵਾਧਾ ਹੋਇਆ ਹੈ ਅਤੇ ਜਿਉਂ ਜਿਉਂ ਲੋਕ ਹੁਸ਼ਿਆਰ ਹੁੰਦੇ ਜਾ ਰਹੇ ਹਨ, ਤਿਉਂ ਤਿਉਂ ਨਵੇਂ ਢੰਗ ਤਰੀਕੇ ਹੋਂਦ ਵਿਚ ਆਉਣ ਲੱਗ ਪਏ ਹਨ। ਪਿੱਛੇ ਜਿਹੇ ਦਲਾਲੀਆਂ ਦੀ ਗੱਲ ਤੁਰ ਪਈ ਸੀ। ਅਸੀਂ ਤੋਪਾਂ ਦੇ ਕੇਸ ਵਿਚ ਕੋਈ ਸੱਠ ਕਰੋੜ ਦੇ ਕਰੀਬ ਦਲਾਲੀ ਲਈ ਹੈ। ਅਸੀਂ ਦੇਸ਼ ਦੀ ਸੁਰੱਖਿਆ ਦੇ ਮੁਆਮਲਿਆਂ ਵਿਚ ਵੀ ਦਲਾਲੀਆਂ ਲੈ ਸਕਦੇ ਹਾਂ। ਜਿਸ ਕੌਮ ਵਿਚ ਐਸੇ ਮਹਾਰਥੀ ਪੈਦਾ ਹੋ ਚੁੱਕੇ ਹੋਣ ਉਸ ਕੌਮ ਦਾ ਰੱਬ ਹੀ ਰਾਖਾ ਹੈ। ਪਰ ਫਿਰ ਵੀ ਅਸੀਂ ਕਾਇਮ ਹਾਂ। ਅਸੀਂ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਕੀ ਕੁਝ ਪਏ ਕਰਦੇ ਹਾਂ, ਇਸ ਦੀਆਂ ਮਿਸਾਲਾਂ ਲੱਭਣੀਆਂ ਔਖੀਆਂ ਹਨ। ਪਰ ਕਹੀਏ ਤਾਂ ਕਰੀਏ ਕੀ। ਅਸੀਂ ਜਿਸ ਪਦਵੀ ਉੱਤੇ ਪੁੱਜੇ ਹਾਂ ਇਹ ਪਦਵੀ ਲੱਖਾਂ ਕਰੋੜਾਂ ਰੁਪੈ ਖ਼ਰਚ ਕੇ ਪ੍ਰਾਪਤ ਕੀਤੀ ਗਈ ਹੈ। ਇਹ ਪੈਸਾ ਵੀ ਵਾਪਿਸ ਚਾਹੀਦਾ ਹੈ ਤੇ ਸਾਡਾ ਭਵਿੱਖ ਵੀ ਸੁਰੱਖਿਅਤ ਹੋਣਾ ਚਾਹੀਦਾ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਹੱਥ ਪੈਰ ਮਾਰ ਕੇ ਚਾਰ ਪੈਸੇ ਇਕੱਠੇ ਕਰਾਂਗੇ। ਸਾਡੇ ਦੇਸ਼ ਵਿਚ ਲੋਕ ਰਿਸ਼ਵਤ ਲੈਂਦੇ ਵੀ ਹਨ ਅਤੇ ਸਾਡੇ ਦੇਸ਼ ਦੇ ਲੋਕ ਰਿਸ਼ਵਤ ਦਿੰਦੇ ਵੀ ਹਨ। ਕੌਣ ਪਹਿਲ ਕਰਦਾ ਹੈ,

ਇਸ ਬਾਰੇ ਅਜੇ ਸਾਨੂੰ ਪਤਾ ਨਹੀਂ ਹੈ। ਇਕ ਵਿਚਾਰ ਇਹ ਹੈ ਕਿ ਰਿਸ਼ਵਤ ਲੈਣ ਵਾਲੇ ਮਜਬੂਰ ਕਰ ਦਿੰਦੇ ਹਨ ਤੇ ਫਿਰ ਲੋਕਾਂ ਨੂੰ ਰਿਸ਼ਵਤ ਦੇਣੀ ਪੈਂਦੀ ਹੈ। ਦੂਜਾ ਵਿਚਾਰ ਇਹ ਹੈ ਕਿ ਰਿਸ਼ਵਤ ਲੋਕ ਆਪ ਦਿੰਦੇ ਹਨ। ਲੋਕਾਂ ਨੂੰ ਰਿਸ਼ਵਤ ਦੇਣ ਦੀ ਆਦਤ ਜਿਹੀ ਪੈ ਗਈ ਹੈ। ਜਦੋਂ ਤੱਕ ਅਸੀਂ ਰਿਸ਼ਵਤ ਦੇ ਨਾ ਦਈਏ ਸਾਨੂੰ ਸਬਰ ਹੀ ਨਹੀਂ ਆਉਂਦਾ ਅਤੇ ਨਾ ਹੀ ਆਸ਼ਵਾਸਨ ਦਿੱਤਾ ਜਾ ਸਕਦਾ ਹੈ ਕਿ ਸਾਡਾ ਕੰਮ ਹੋ ਜਾਵੇਗਾ। ਰਿਸ਼ਵਤ ਦੇ ਕੇ ਸਾਨੂੰ ਸਹਾਰਾ ਜਿਹਾ ਹੋ ਜਾਂਦਾ ਹੈ। ਸਾਨੂੰ ਸਬਰ ਜਿਹਾ ਆ ਜਾਦਾ ਹੈ। ਸਾਨੂੰ ਉਮੀਦ ਜਿਹੀ ਲੱਗ ਜਾਂਦੀ ਹੈ। ਅਸੀਂ ਆਸ਼ਾ ਰੱਖਦੇ ਹਾਂ ਕਿ ਸਾਡਾ ਕਾਰਜ ਸਿੱਧ ਹੋ ਜਾਵੇਗਾ। ਅਸੀਂ ਅੱਜ ਅਰਦਾਸਾਂ ਤੇ ਪ੍ਰਾਰਥਨਾਵਾਂ ਕਰਨ ਦੀ ਥਾਂ ਚਾਰ ਛਿੱਲੜ ਕਿਸੇ ਦੇ ਮੂੰਹ ਤੇ ਮਾਰ ਕੇ ਆਪਣਾ ਕੰਮ ਕਰਾਉਣ ਨੂੰ ਬਿਹਤਰ ਸਮਝਦੇ ਹਾਂ। ਰੱਬ ਅੱਗੇ ਕੀਤੀ ਗਈ ਅਰਦਾਸ ਪਤਾ ਨਹੀਂ ਪੂਰੀ ਹੋਣੀ ਵੀ ਹੈ ਕਿ ਨਹੀਂ ਹੋਣੀ। ਪੈਸੇ ਦਿੱਤੇ ਹੋਣ ਤਾਂ ਕੰਮ ਹੋ ਜਾਣ ਦੀਆਂ ਸੰਭਾਵਨਾਵਾਂ ਕਿਧਰੇ ਵਧ ਜਾਂਦੀਆਂ ਹਨ। ਇਸੇ ਲਈ ਲੋਕਾਂ ਦਾ ਰੁਝਾਨ ਇਧਰ ਵਧਦਾ ਜਾ ਰਿਹਾ ਹੈ ਅਤੇ ਇਸੇ ਕਰਕੇ ਮੈਂ ਕਹਿੰਦਾ ਹਾਂ ਕਿ ਅੱਜ ਅਸੀਂ ਸਾਰੇ ਭਾਰਤੀ ਆਪਣੇ ਦੇਸ਼ ਨੂੰ ਰਿਸ਼ਵਤ ਦਾ ਘਰ ਬਣਾਉਂਦੇ ਜਾ ਰਹੇ ਹਾਂ। ਅਸੀਂ ਤਾਂ ਆਪਣੀ ਸ਼ਰਧਾ ਵੀ ਰਿਸ਼ਵਤ ਉੱਤੇ ਬਲੀ ਚੜ੍ਹਾ ਦਿੱਤੀ ਹੈ। ਅਸੀਂ ਤਾਂ ਆਪਣੇ ਰੱਬ ਨੂੰ ਰਿਸ਼ਵਤ ਦੇਣ ਲੱਗ ਪਏ ਹਾਂ। ਰੱਬ ਅੱਗੇ ਜਦੋਂ ਵੀ ਅਰਦਾਸ ਕਰਦੇ ਹਾਂ ਤਾਂ ਰਕਮਾਂ ਮਿਥਦੇ ਹਾਂ। ਇਹੋ ਜਿਹਾ ਧਰਮ ਵਿਧਾਨ ਪਤਾ ਨਹੀਂ ਕਦੋਂ ਦਾ ਹੋਂਦ ਵਿਚ ਆ ਗਿਆ ਹੈ ਅਤੇ ਅੱਜ ਸੁਦਾਮੇ ਦਾ ਸ੍ਰੀ ਕ੍ਰਿਸ਼ਨ ਸਾਨੂੰ ਦਿਸਣਾ ਬੰਦ ਹੋ ਗਿਆ ਹੈ ਜੋ ਸੁਦਾਮੇ ਦੇ ਸੱਤੂ ਬੜੇ ਸਵਾਦ ਨਾਲ ਖਾਣ ਲੱਗ ਪਿਆ ਸੀ ਤੇ ਉਸ ਨੇ ਸੁਦਾਮੇ ਦਾ ਧੰਨਵਾਦ ਕੀਤਾ ਸੀ ਜਿਸ ਨੇ ਸੱਤੂਆਂ ਜੈਸੀ ਚੀਜ਼ ਉਸ ਵਾਸਤੇ ਲਿਆ ਕੇ ਉਸ ਨੂੰ ਇਕ ਵਾਰੀ ਫਿਰ ਆਪਣਾ ਹੀ ਬਚਪਨ ਯਾਦ ਕਰਵਾ ਦਿੱਤਾ ਸੀ ਜਿਸ ਦੀ ਹੁਣ ਹਮੇਸ਼ਾਂ ਲੋਚਾ ਹੀ ਕੀਤੀ ਜਾ ਸਕਦੀ ਹੈ। ਇਹ ਹੈ ਸਾਡੀ ਰਿਸ਼ਵਤ ਦੇਣ ਦੀ ਆਦਤ। ਇਸ ਕਰਕੇ ਮੈਂ ਕਹਿਣ ਲਈ ਮਜਬੂਰ ਹਾਂ ਕਿ ਅੱਜ ਵੀ ਸਾਡੇ ਦੇਸ਼ ਵਿਚ ਰਿਸ਼ਵਤ ਖ਼ਤਮ ਕੀਤੀ ਜਾ

ਸਕਦੀ ਹੈ ਜੇਕਰ ਅਸੀਂ ਰਿਸ਼ਵਤ ਦੇਣਾ ਹੀ ਬੰਦ ਕਰ ਦੇਈਏ। ਅੱਜ ਲੋਕ ਰਿਸ਼ਵਤ ਲੈਂਦੇ ਹੀ ਨਹੀਂ ਬਲਕਿ ਰਿਸ਼ਵਤ ਦਿੰਦੇ ਹਨ ਅਤੇ ਇਹੀ ਕਾਰਨ ਹੈ ਜੋ ਲੋਕ ਰਿਸ਼ਵਤ ਨਹੀਂ ਲੈਂਦੇ ਉਹ ਲੋਕਾਂ ਵਿਚ ਸਤਿਕਾਰੇ ਨਹੀਂ ਜਾਂਦੇ। ਉਹ ਲੋਕਾਂ ਵਿਚ ਦੁਰਕਾਰੇ ਜਾਂਦੇ ਹਨ। ਅੱਜ ਲੋਕ ਉਸ ਆਦਮੀ ਨੂੰ ਪਸੰਦ ਕਰਦੇ ਹਨ ਜੋ ਚਾਰ ਪੈਸੇ ਲੈਣਾ ਜਾਣਦਾ ਹੈ ਤੇ ਇਕ ਵਾਰੀ ਪੈਸੇ ਪਕੜ ਕੇ ਕਿਸੇ ਦਾ ਕੰਮ ਕਰਨ ਦਾ ਵਚਨ ਦਿੰਦਾ ਹੈ। ਲੋਕ ਹਮੇਸ਼ਾਂ ਫਾਇਦੇ ਵਿਚ ਰਹਿੰਦੇ ਹਨ। ਸਾਰਿਆਂ ਨੂੰ ਪਤਾ ਹੈ ਕਿ ਸੌ ਰੁਪਏ ਦੇ ਕੰਮ ਵਾਸਤੇ ਰਿਸ਼ਵਤ ਵੱਧ ਤੋਂ ਵੱਧ 50 ਰੁਪੈ ਹੀ ਹੋ ਸਕਦੀ ਹੈ। ਇਉਂ ਪੰਜਾਹ ਰੁਪੈ ਰਿਸ਼ਵਤ ਦੇਣ ਬਾਅਦ ਵੀ ਬਚ ਜਾਂਦੇ ਹਨ। ਬਾਕੀ ਖੱਜਲ ਖੁਆਰੀ ਜੋ ਬਚਦੀ ਹੈ, ਉਸ ਦੀ ਕੀਮਤ ਲਗਾਉਣਾ ਮੁਸ਼ਕਲ ਹੈ। ਕੱਲ ਮਿਲਾ ਕੇ ਰਿਸ਼ਵਤ ਦੇਣ ਵਾਲਾ ਕਦੀ ਘਾਟੇ ਵਿਚ ਨਹੀਂ ਰਹਿੰਦਾ। ਇਹੀ ਕਾਰਨ ਹੈ ਕਿ ਅੱਜਕਲ ਰਿਸ਼ਵਤ ਦਾ ਦੌਰ ਵੱਧਦਾ ਹੀ ਜਾ ਰਿਹਾ ਹੈ। ਨੁਕਸਾਨ ਸਰਕਾਰ ਦਾ ਹੁੰਦਾ ਹੈ। ਸਰਕਾਰੀ ਨੁਕਸਾਨ ਨੂੰ ਇਸ ਦੇਸ਼ ਵਿਚ ਆਪਣਾ ਨੁਕਸਾਨ ਨਹੀਂ ਸਮਝਿਆ ਜਾਂਦਾ। ਸੋਚਦੇ ਸਾਂ ਆਜ਼ਾਦੀ ਬਾਅਦ ਲੋਕਾਂ ਦੀ ਸੋਚ ਬਦਲੇਗੀ ਕਿਉਂਕਿ ਇਥੇ ਲੋਕਾਂ ਦੀ ਆਪਣੀ ਹਕੂਮਤ ਹੋਵੇਗੀ, ਪਰ ਸਾਡਾ ਇਹ ਸੁਪਨਾ ਸਾਕਾਰ ਨਹੀਂ ਹੋ ਸਕਿਆ। ਇਥੇ ਰਿਸ਼ਵਤ ਬੰਦ ਨਹੀਂ ਹੋਈ ਬਲਕਿ ਰਿਸ਼ਵਤ ਵਧੀ ਹੈ ਤੇ ਪੰਜਾਂ ਸੱਤਾਂ ਰੁਪਿਆਂ ਤੋਂ ਉੱਠ ਕੇ ਲੱਖਾਂ ਕਰੋੜਾਂ ਤੱਕ ਦੀਆਂ ਰਿਸ਼ਵਤਾਂ ਦੇ ਦੌਰ ਵਿਚ ਅਸੀਂ ਦਾਖ਼ਲ ਹੋ ਚੁੱਕੇ ਹਾਂ ਤੇ ਇਸੇ ਮਾਇਆ ਨੂੰ ਲੁਕਾਉਣ ਲਈ ਵਿਦੇਸ਼ੀ ਬੈਂਕਾਂ ਵਿਚ ਗੁਪਤ ਖਾਤਿਆਂ ਦਾ ਸਿਲਸਿਲਾ ਵੀ ਚਲਾ ਬੈਠੇ ਹਾਂ। ਇਹ ਰਿਸ਼ਵਤ ਦਾ ਦੌਰਾ ਹੋਰ ਪ੍ਰਗਤੀ ਕਰੇਗਾ। ਅਸੀਂ ਸੋਚੀਏ ਕਿ ਇਹ ਦੌਰ ਖਤਮ ਹੋ ਜਾਵੇਗਾ ਤਾਂ ਇਹ ਸੋਚ ਬਚਕਾਨਾ ਜ਼ਰੂਰ ਹੋ ਸਕਦੀ ਹੈ। ਸਾਨੂੰ ਖ਼ੁਸ਼ੀ ਹੈ ਕਿ ਹਰ ਵਾਰੀ ਚੋਣਾਂ ਵਿਚ ਪਾਰਟੀਆਂ ਵਾਅਦੇ ਕਰਦੀਆਂ ਹਨ ਕਿ ਉਹ ਦੇਸ਼ ਵਿਚੋਂ ਰਿਸ਼ਵਤ ਖ਼ਤਮ ਕਰ ਦੇਣਗੇ। ਇਹ ਗੱਲ ਬਹੁਤ ਵਧੀਆ ਲੱਗਦੀ ਹੈ। ਲੋਕ ਇਸ ਨਾਅਰੇ ਉੱਤੇ ਵਿਸ਼ਵਾਸ ਵੀ ਕਰਦੇ ਹਨ ਪਰ ਇਹ ਨਾਅਰਾ

ਹੁੰਦਾ ਝੂਠਾ ਹੈ। ਰਿਸ਼ਵਤ ਦੇਸ਼ ਵਿਚੋਂ ਬਾਹਰ ਕੱਢਣ ਵਾਲੇ ਖ਼ੁਦ ਹੀ ਇਸ ਚਿੱਕੜ ਵਿਚ ਛੁਪ ਕੇ ਰਹਿ ਜਾਂਦੇ ਹਨ ਕਿਉਂਕਿ ਰਿਸ਼ਵਤ ਸਿਰਫ ਸ਼ਕਤੀਸ਼ਾਲੀ ਲੋਕਾਂ ਨੂੰ ਹੀ ਮਿਲ ਸਕਦੀ ਹੈ। ਜਿਸ ਆਦਮੀ ਪਾਸ ਸ਼ਕਤੀ ਨਹੀਂ ਹੈ, ਉਹ ਇਕ ਪੈਸਾ ਰਿਸ਼ਵਤ ਇਕੱਠੀ ਨਹੀਂ ਕਰ ਸਕਦਾ। ਸੋ ਇਥੇ ਗ਼ਲਤ ਪੈਸਿਆਂ ਨਾਲ ਸ਼ਕਤੀ ਹਾਸਿਲ ਕਰਨ ਤੇ ਫਿਰ ਗ਼ਲਤ ਢੰਗ ਨਾਲ ਪੈਸਾ ਇਕੱਠਾ ਕਰਨ ਦਾ ਰਿਵਾਜ ਜਿਹਾ ਪੈ ਗਿਆ ਹੈ। ਸਿਰਫ ਰਿਵਾਜ ਹੀ ਨਹੀਂ ਪਿਆ ਬਲਕਿ ਸਾਡੀ ਜ਼ਿੰਦਗੀ ਦਾ ਇਕ ਹਿੱਸਾ ਬਣ ਗਿਆ ਹੈ ਅਤੇ ਜਦੋਂ ਕੋਈ ਸ਼ੈਅ ਜ਼ਿੰਦਗੀ ਦਾ ਹਿੱਸਾ ਬਣ ਜਾਵੇ ਤਾਂ ਚੁੱਪ ਹੀ ਭਲੀ ਹੈ।

[ਰੋਜ਼ਾਨਾ ਅਕਾਲੀ ਪੱਤ੍ਰਿਕਾ 15-12-92 ਵਿਚੋਂ ਧੰਨਵਾਦ ਸਹਿਤ]

ਅਪੀਲ

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:) ਅੰਮ੍ਰਿਤਸਰ ਵਲੋਂ ਕੋਈ ਵੀ ਸੇਵਾਦਾਰ ਪਿੰਡਾਂ ਜਾਂ ਸ਼ਹਿਰਾਂ ਵਿਚ ਗੋਲਕ ਨਾਲ ਮਾਇਆ ਉਗਰਾਹੁਣ (ਬੱਸ ਅੱਡੇ ਅਤੇ ਰੇਲਵੇ ਸਟੇਸ਼ਨ ਛੱਡ ਕੇ) ਜਾਂ ਜਿਣਸ ਦੀ ਉਗਰਾਹੀ ਕਰਨ ਹਿੱਤ ਨਹੀਂ ਭੇਜਿਆ ਜਾ ਰਿਹਾ; ਪ੍ਰੰਤੂ ਸਰਟੀਫਿਕੇਟ ਵਿਚ ਦਿੱਤੇ ਇਲਾਕੇ ਅਨੁਸਾਰ ਸੇਵਾਦਾਰ ਰਸੀਦ ਬੁੱਕਾਂ ਨਾਲ ਮਾਇਆ ਦੀ ਉਗਰਾਹੀ ਕਰ ਸਕਦੇ ਹਨ। ਸੰਗਤਾਂ ਜਿਣਸ ਕਿਰਪਾ ਕਰਕੇ ਆਪ ਦਫ਼ਤਰ ਪਿੰਗਲਵਾੜਾ, ਅੰਮ੍ਰਿਤਸਰ ਵਿਖੇ ਪਹੁੰਚਾਉਣ ਜਾਂ ਸੂਚਿਤ ਕਰਨ।

ਪ੍ਰਾਰਥਕ :—

ਡਾ: ਇੰਦਰਜੀਤ ਕੌਰ

ਪ੍ਰਧਾਨ,

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾ: (ਰਜਿ:), ਅੰਮ੍ਰਿਤਸਰ।

ਪੰਜਾਬ 'ਚ ਪੰਜਾਬੀ ਨੂੰ ਯੋਗ ਸਥਾਨ ਨਹੀਂ ਮਿਲ ਰਿਹਾ

—ਪਿਆਰਾ ਸਿੰਘ ਭੋਗਲ

ਮੁੱਖ-ਮੰਤਰੀ ਸ੍ਰੀ ਬੇਅੰਤ ਸਿੰਘ ਜਿਹੜੀਆਂ ਤਿੰਨ ਮੰਗਾਂ ਮੰਨੇ ਜਾਣ ਦੀ ਗੱਲ ਵਾਰ ਵਾਰ ਕਰ ਰਹੇ ਹਨ, ਉਨ੍ਹਾਂ ਵਿਚ ਇਕ ਮੰਗ ਗੁਆਂਢੀ ਰਾਜਾਂ ਵਿਚ ਪੰਜਾਬੀ ਭਾਸ਼ਾ ਨੂੰ ਦੂਜੀ ਭਾਸ਼ਾ ਦਾ ਦਰਜਾ ਦਿੱਤੇ ਜਾਣ ਬਾਰੇ ਹੈ। ਪਰ ਇਹ ਮੰਗ ਕਰਦਿਆਂ ਸ੍ਰੀ ਬੇਅੰਤ ਸਿੰਘ ਇਹ ਭੁੱਲ ਰਹੇ ਹਨ ਕਿ ਪੰਜਾਬ ਵਿਚ ਪੰਜਾਬੀ ਭਾਸ਼ਾ ਨੂੰ ਰਾਜ ਭਾਸ਼ਾ, ਮਾਂ ਭਾਸ਼ਾ ਅਤੇ ਸਿੱਖਿਆ ਦੀ ਭਾਸ਼ਾ ਦਾ ਉਹ ਸਥਾਨ ਹਰਗਿਜ਼ ਨਹੀਂ ਮਿਲਿਆ, ਜੋ ਤਾਮਿਲਨਾਡੂ ਵਿਚ ਤਾਮਿਲ ਨੂੰ ਅਤੇ ਬੰਗਾਲ ਵਿਚ ਬੰਗਾਲੀ ਨੂੰ ਪ੍ਰਾਪਤ ਹੈ। ਕੁਝ ਖੇਤਰਾਂ ਵਿਚ ਪੰਜਾਬੀ ਭਾਸ਼ਾ ਨੂੰ ਪਹਿਲਾਂ ਨਾਲੋਂ ਵੱਧ ਮਾਨਤਾ ਮਿਲ ਰਹੀ ਹੈ। ਪੰਜਾਬ ਯੂਨੀਵਰਸਿਟੀ ਵਲੋਂ ਪੰਜਾਬੀ ਭਾਸ਼ਾ ਨੂੰ ਲਾਜ਼ਮੀ ਭਾਸ਼ਾ ਦੇ ਤੌਰ 'ਤੇ ਅਪਣਾਇਆ ਜਾਣਾ ਪੰਜਾਬ ਵਿਚ ਪੰਜਾਬੀ ਦੇ ਘਟ ਰਹੇ ਵਿਰੋਧ ਦੀ ਇਕ ਨਿਸ਼ਾਨੀ ਹੈ। ਐਤਕੀਂ ਨਵੀਂ ਚੁਣੀ ਗਈ ਵਿਧਾਨ ਸਭਾ ਦੇ ਮੈਂਬਰਾਂ ਵਲੋਂ ਪੰਜਾਬੀ ਭਾਸ਼ਾ ਵਿਚ ਸਹੁੰ ਚੁੱਕਣ ਦੀ ਰਸਮ, ਰਾਜਪਾਲ ਵਲੋਂ ਪੰਜਾਬੀ ਵਿਚ ਭਾਸ਼ਣ, ਵਿੱਤ ਮੰਤਰੀ ਡਾ: ਕੇਵਲ ਕ੍ਰਿਸ਼ਨ ਵਲੋਂ ਪੰਜਾਬੀ ਵਿਚ ਬਜਟ ਭਾਸ਼ਣ ਪੰਜਾਬੀ ਭਾਸ਼ਾ ਨੂੰ ਵਧੇਰੇ ਪ੍ਰਵਾਨ ਕੀਤੇ ਜਾਣ ਦੀਆਂ ਨਿਸ਼ਾ-ਨੀਆਂ ਹਨ। ਪੰਜਾਬ ਦੀ ਆਬਾਦੀ ਦੇ ਇਕ ਹਿੱਸੇ ਵਲੋਂ ਪੰਜਾਬੀ ਦੀ ਥਾਂ ਹਿੰਦੀ ਨੂੰ ਆਪਣੀ ਪਹਿਲੀ ਭਾਸ਼ਾ ਮੰਨਣ ਅਤੇ ਸਕੂਲਾਂ ਵਿਚ ਸਿੱਖਿਆ ਬੱਚਿਆਂ ਨੂੰ ਇਸੇ ਭਾਸ਼ਾ ਵਿਚ ਦਿਲਵਾਉਣ ਦੀ ਪ੍ਰਵਿਰਤੀ ਅਜੇ ਵੀ ਜਾਰੀ ਹੈ, ਤਾਂ ਵੀ ਇਹ ਹਿੱਸਾ ਹੁਣ ਵੀ ਪੰਜਾਬੀ ਨੂੰ ਭਾਵੇਂ ਦੂਜੀ ਭਾਸ਼ਾ ਦੇ ਤੌਰ 'ਤੇ ਹੀ ਆਪਣੇ ਬੱਚਿਆਂ ਨੂੰ ਪੜ੍ਹਾ ਰਿਹਾ ਹੈ।

ਫੇਰ ਵੀ ਪੰਜਾਬੀ ਭਾਸ਼ਾ ਨੂੰ ਪੰਜਾਬ ਵਿਚ ਉਹ ਸਥਾਨ ਪ੍ਰਾਪਤ ਨਹੀਂ, ਜੋ ਸੁਤੰਤਰ ਦੇਸ਼ ਵਿਚ ਲੋਕਾਂ ਵਲੋਂ ਬੋਲੀ ਜਾਂਦੀ ਇਕ ਉੱਨਤ

ਭਾਸ਼ਾ ਨੂੰ ਮਿਲਣਾ ਚਾਹੀਦਾ ਹੈ ਤੇ ਜੋ ਭਾਸ਼ਾ ਆਧਾਰਤ ਪੰਜਾਬੀ ਸੂਬੇ ਵਿਚ ਜ਼ਰੂਰ ਹੀ ਮਿਲਣਾ ਚਾਹੀਦਾ ਹੈ।

ਮਾਧਿਅਮ

ਆਮ ਤੌਰ 'ਤੇ ਲੋਕ ਉਹ ਭਾਸ਼ਾ ਪੜ੍ਹਨੀ ਅਤੇ ਆਪਣੇ ਬੱਚਿਆਂ ਨੂੰ ਪੜ੍ਹਾਉਣਾ ਬਿਹਤਰ ਸਮਝਦੇ ਹਨ ਜਿਹੜੀ ਭਾਸ਼ਾ ਨੂੰ ਪੜ੍ਹਿਆਂ ਮਾਇਕ ਲਾਭ ਹੋਣ ਦੀ ਆਸ ਹੋਵੇ। ਅਜੇ ਤੱਕ ਪੰਜਾਬ ਵਿਚ ਅਤੇ ਭਾਰਤ ਦੇ ਕਈ ਹੋਰ ਸੂਬਿਆਂ ਵਿਚ ਇਹ ਵਿਸ਼ਵਾਸ ਹੈ ਕਿ ਅੰਗਰੇਜ਼ੀ ਪੜ੍ਹਨ ਨਾਲ ਉਚੇਰੀਆਂ ਨੌਕਰੀਆਂ ਮਿਲਦੀਆਂ ਹਨ। ਪੰਜਾਬੀ ਲੋਕ ਕਿਉਂਕਿ ਪ੍ਰਦੇਸ਼ਾਂ ਨੂੰ ਬਹੁਤ ਜਾਂਦੇ ਹਨ, ਇਸ ਕਰਕੇ ਇਹ ਵੀ ਵਿਸ਼ਵਾਸ ਹੈ ਕਿ ਅੰਗਰੇਜ਼ੀ ਪੜ੍ਹ ਕੇ ਪੱਛਮੀ ਦੇਸ਼ਾਂ ਵਿਚ ਜਾਣਾ ਅਤੇ ਰੁਜ਼ਗਾਰ ਪ੍ਰਾਪਤ ਕਰਨਾ ਸੌਖਾ ਰਹੇਗਾ। ਪਹਿਲਾ ਵਿਸ਼ਵਾਸ ਪੰਜਾਬੀ ਭਾਸ਼ਾ ਦੀ ਉੱਨਤੀ ਦੇ ਰਾਹ ਵਿਚ ਸਭ ਤੋਂ ਵੱਡੀ ਰੁਕਾਵਟ ਹੈ। ਆਈ. ਏ. ਐਸ, ਆਈ. ਪੀ. ਐਸ. ਤੇ ਪੀ. ਸੀ. ਐਸ. ਦੀਆਂ ਪ੍ਰੀਖਿਆਵਾਂ ਵਿਚ ਹੁਣ ਪੰਜਾਬੀ ਭਾਸ਼ਾ ਅਤੇ ਸਾਹਿਤ ਚੋਣਵਾਂ ਵਿਸ਼ਾ ਲੈਣ ਦੀ ਆਗਿਆ ਦਿੱਤੀ ਜਾ ਚੁੱਕੀ ਹੈ, ਪ੍ਰੀਖਿਆ ਦਾ ਮਾਧਿਅਮ ਵੀ ਹੁਣ ਅੰਗਰੇਜ਼ੀ ਰੱਖਣਾ ਜ਼ਰੂਰੀ ਨਹੀਂ, ਤਾਂ ਵੀ ਕਿਉਂਕਿ ਉਮੀਦਵਾਰਾਂ ਦੀ ਬਹੁਗਿਣਤੀ ਅੰਗਰੇਜ਼ੀ ਮਾਧਿਅਮ ਚੁਣਦੀ ਹੈ ਅਤੇ ਕਿਉਂਕਿ ਅੰਗਰੇਜ਼ੀ ਭਾਸ਼ਾ ਦਾ ਵਿਸ਼ਾ ਪਾਸ ਕਰਨਾ ਸਭ ਵਿਦਿਆਰਥੀਆਂ ਲਈ ਜ਼ਰੂਰੀ ਹੈ, ਇਸ ਕਰਕੇ ਅੰਗਰੇਜ਼ੀ ਭਾਸ਼ਾ ਦਾ ਪੰਜਾਬੀ ਉਤੇ ਗਲਬਾ ਜਾਰੀ ਹੈ। ਇਹ ਪ੍ਰਭਾਵ ਵਿਆਪਕ ਹੈ ਤੇ ਇਹ ਪ੍ਰਭਾਵ ਗ਼ਲਤ ਵੀ ਨਹੀਂ ਕਿ ਅੰਗਰੇਜ਼ੀ ਜਾਣਨ-ਬੋਲਣ ਵਾਲੀ ਜਮਾਤ ਭਾਰਤ ਉੱਤੇ ਰਾਜ ਕਰ ਰਹੀ ਹੈ। ਇਸੇ ਕਰਕੇ ਪੰਜਾਬੀ ਭਾਸ਼ਾ ਦੀ ਯੋਗਤਾ ਰੱਖਣ ਵਾਲੇ ਅਤੇ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਘੱਟ ਰੱਖਣ ਵਾਲੇ ਉਮੀਦਵਾਰਾਂ ਵਿਚ ਉਹ ਆਤਮ-ਵਿਸ਼ਵਾਸ ਨਹੀਂ ਪੈਦਾ ਹੁੰਦਾ, ਜਿਸ ਤੋਂ ਬਿਨਾਂ ਨਾ ਮੁਕਾਬਲੇ 'ਚ ਇਮਤਿਹਾਨ ਪਾਸ ਕੀਤੇ ਜਾ ਸਕਦੇ ਹਨ, ਨਾ ਜ਼ਿੰਦਗੀ ਦੀ ਦੌੜ ਵਿਚ ਤਰੱਕੀ ਕੀਤੀ ਜਾ ਸਕਦੀ ਹੈ।

ਅਸੀਂ ਅੰਗਰੇਜ਼ੀ ਭਾਸ਼ਾ ਪੜ੍ਹਨ-ਪੜ੍ਹਾਉਣ ਦੇ ਵਿਰੁੱਧ ਨਹੀਂ।

ਪਰ ਜਿਹੜੇ ਅਧਿਆਪਕ ਵਿਦੇਸ਼ੀ ਭਾਸ਼ਾਵਾਂ ਆਪ ਪੜ੍ਹਦੇ ਅਤੇ ਵਿਦਿਆਰਥੀਆਂ ਨੂੰ ਸਾਲਾਂ-ਬੱਧੀ ਪੜ੍ਹਾਉਂਦੇ ਰਹੇ ਹਨ, ਉਹ ਸਾਡੀ ਆਪਣੀ ਅਜ਼ਮਾਈ ਹੋਈ ਇਸ ਗੱਲ ਦੀ ਤਸਦੀਕ ਕਰਨਗੇ ਕਿ ਦੇਸੀ ਭਾਸ਼ਾ ਸਿੱਖ ਲੈਣ ਦੀ ਯੋਗਤਾ ਤਾਂ ਸਭ ਵਿਚ ਹੁੰਦੀ ਹੈ ਪਰ ਵਿਦੇਸ਼ੀ ਭਾਸ਼ਾ ਸਿੱਖਣ ਅਤੇ ਉਸ ਦੇ ਮਾਹਰ ਬਣਨ ਦੀ ਯੋਗਤਾ ਕਿਸੇ ਵੀ ਦੇਸ਼ ਵਿਚ ਸਿਰਫ ਤੇਤੀ ਫ਼ੀ ਸਦੀ ਲੋਕਾਂ ਵਿਚ ਹੀ ਹੁੰਦੀ ਹੈ। ਜਦੋਂ ਫ਼ਾਰਸੀ ਭਾਸ਼ਾ ਸਕੂਲਾਂ ਵਿਚ ਪੜ੍ਹਾਈ ਜਾਂਦੀ ਸੀ ਤਾਂ ਕੁਝ ਵਿਦਿਆਰਥੀ ਤਾਂ ਇਸ ਵਿਚ ਬਹੁਤ ਨੰਬਰ ਲੈਂਦੇ ਸਨ, ਬਹੁਤੇ ਇਸ ਵਿਚ ਮੁਸ਼ਕਲ ਨਾਲ ਪਾਸ ਹੁੰਦੇ ਸਨ। ਇਹੀ ਹਾਲ ਅੰਗਰੇਜ਼ੀ ਭਾਸ਼ਾ ਦਾ ਹੈ। ਜਿਨ੍ਹਾਂ ਵਿਦਿਆਰਥੀਆਂ ਵਿਚ ਵਿਦੇਸ਼ੀ ਭਾਸ਼ਾ ਸਿੱਖਣ ਦੀ ਯੋਗਤਾ ਤੇ ਰੁਚੀ ਹੈ, ਉਹ ਪੰਜਾਬੀ ਮਾਧਿਅਮ ਵਾਲੇ ਸਕੂਲਾਂ ਵਿਚ ਵੀ ਅੰਗਰੇਜ਼ੀ ਸ਼ੁੱਧ ਲਿਖਣੀ ਸਿੱਖ ਲੈਂਦੇ ਹਨ, ਪਰ ਜਿਨ੍ਹਾਂ ਵਿਚ ਇਹ ਯੋਗਤਾ ਨਹੀਂ, ਉਹ ਮਹਿੰਗੇ ਅੰਗਰੇਜ਼ੀ-ਮਾਧਿਅਮ ਸਕੂਲਾਂ ਵਿਚ ਪੜ੍ਹ ਕੇ ਵੀ ਕੰਮ-ਚਲਾਊ ਅੰਗਰੇਜ਼ੀ ਬੋਲਣੀ ਤਾਂ ਸਿੱਖ ਲੈਂਦੇ ਹਨ ਪਰ ਸਭ ਕਿਸਮ ਦੇ ਵਿਸ਼ਿਆਂ ਦੇ ਅੰਗਰੇਜ਼ੀ ਵਿਚ ਪ੍ਰਗਟਾਅ ਦੀ ਯੋਗਤਾ ਪ੍ਰਾਪਤ ਨਹੀਂ ਕਰ ਸਕਦੇ। ਇਸੇ ਕਰਕੇ ਕਾਲਜਾਂ ਵਿਚ ਪਹੁੰਚ ਕੇ ਇਨ੍ਹਾਂ ਵਿਚੋਂ ਬਹੁਤੇ ਫੇਲ੍ਹ ਹੋ ਜਾਂਦੇ ਹਨ। ਇਉਂ ਦੇਸ਼ ਦੇ ਇਕ ਦੋ ਫ਼ੀ ਸਦੀ ਅੰਗਰੇਜ਼ੀ ਜਾਣਨ ਵਾਲੇ ਲੋਕ, ਜੋ ਹਕੂਮਤ, ਉਦਯੋਗਾਂ ਅਤੇ ਵਾਪਾਰ ਵਿਚ ਛਾਏ ਹੋਏ ਹਨ, ਦੇਸ਼ ਦੇ ਨਵਯੁਵਕਾਂ ਨੂੰ ਉਹ ਅੰਗਰੇਜ਼ੀ ਪੜ੍ਹਨ ਲਈ ਮਜਬੂਰ ਕਰ ਰਹੇ ਹਨ, ਜਿਸ ਦੀ ਮੁਹਾਰਤ ਹਾਸਲ ਕਰਨ ਦੀ ਯੋਗਤਾ ਸਭ ਵਿਚ ਨਹੀਂ। ਇਹ ਮਜਬੂਰੀ ਨੌਜਵਾਨਾਂ ਦੇ ਵੱਡੇ ਵਰਗ ਵਿਚ ਹੀਣ-ਭਾਵਨਾ ਅਤੇ ਰੋਸ ਪੈਦਾ ਕਰਦੀ ਹੈ। ਪੰਜਾਬ ਦੀਆਂ ਯੂਨੀਵਰਸਿਟੀਆਂ ਨੇ ਪੰਜਾਬੀ ਭਾਸ਼ਾ ਲਾਜ਼ਮੀ ਕਰ ਦਿੱਤੀ ਹੈ ਪਰ ਅੰਗਰੇਜ਼ੀ ਭਾਸ਼ਾ ਵੀ ਲਾਜ਼ਮੀ ਹੀ ਰੱਖੀ ਹੈ। ਇਸ ਨਾਲ ਵਿਦਿਆਰਥੀਆਂ ਦੀ ਯੋਗਤਾ ਤੇ ਪੜ੍ਹਨ ਦੀ ਸ਼ਕਤੀ ਉਸ ਵਿਸ਼ੇ ਦੀ ਮੁਹਾਰਤ ਹਾਸਲ ਕਰਨ ਉਤੇ ਖ਼ਰਚ ਹੁੰਦੀ ਰਹੇਗੀ, ਜਿਸ ਦੀ ਮੁਹਾਰਤ ਉਨ੍ਹਾਂ ਵਿਚੋਂ ਦੋ ਤਿਹਾਈ ਨੇ ਹਾਸਲ ਹੀ ਨਹੀਂ ਕਰ ਸਕਣੀ। ਕਿਉਂ ਨਾ ਪੰਜਾਬੀ ਸਾਹਿਤ ਉਨ੍ਹਾਂ ਨੂੰ ਪੜ੍ਹਾਇਆ ਜਾਏ, ਜਿਸ ਦੇ ਪੜ੍ਹਿਆਂ ਸਾਡੇ ਪੰਜਾਬੀ ਸਭਿਆ-

ਚਾਰ ਦੀ ਸੋਝੀ ਵੀ ਆਉਂਦੀ ਹੈ, ਪੜ੍ਹਾਈ ਵਿਚ ਆਨੰਦ ਵੀ ਮਿਲਦਾ ਹੈ।

ਕਿਉਂ ਨਾ ਅੰਗਰੇਜ਼ੀ ਸਿੱਖਣ ਉਤੇ ਖ਼ਰਚ ਹੁੰਦੀ ਸ਼ਕਤੀ ਦੂਜੇ ਚੋਣਵੇਂ ਵਿਸ਼ਿਆਂ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਜਾਂ ਅਰਥ ਵਿਗਿਆਨ, ਰਾਜਨੀਤੀ ਵਿਗਿਆਨ, ਇਤਿਹਾਸ-ਆਦਿ ਨੂੰ ਵਧੇਰੇ ਯੋਗਤਾ ਤੇ ਮਿਹਨਤ ਨਾਲ ਸਿੱਖਣ ਉਤੇ ਖ਼ਰਚੀ ਜਾਏ ? ਆਪਣੀ ਮਾਂ-ਭਾਸ਼ਾ ਸਿੱਖਣ ਤੋਂ ਬਾਅਦ ਇਹ ਵਿਸ਼ੇ ਸਿਖਣੇ, ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਹਾਸਲ ਕਰਨ ਨਾਲੋਂ ਜ਼ਿਆਦਾ ਜ਼ਰੂਰੀ ਹਨ।

ਵਿਸ਼ਵਾਸ

ਜਿਹੜਾ ਇਹ ਵਿਸ਼ਵਾਸ ਹੈ ਕਿ ਅੰਗਰੇਜ਼ੀ ਪੜ੍ਹ ਕੇ ਪ੍ਰਦੇਸ਼ਾਂ ਵਿਚ ਰੋਜ਼ਗਾਰ ਮਿਲ ਜਾਣਗੇ, ਬਹੁਤ ਭੁਲੇਖਾ ਪਾਊ। ਪਹਿਲੀ ਗੱਲ ਇਹ ਹੈ ਕਿ ਅੰਗਰੇਜ਼ੀ-ਜਾਣਨ ਵਾਲੇ ਦੇਸ਼ਾਂ ਅਮਰੀਕਾ, ਕੈਨੇਡਾ, ਤੇ ਇੰਗਲੈਂਡ ਵਿਚ ਦਾਖ਼ਲਾ ਦਿਨੋ-ਦਿਨ ਮੁਸ਼ਕਲ ਹੋ ਰਿਹਾ ਹੈ। ਦੂਜੇ, ਜਿਨ੍ਹਾਂ ਨੂੰ ਇਨ੍ਹਾਂ ਦੇਸ਼ਾਂ ਵਿਚ, ਖ਼ਾਸ ਤੌਰ 'ਤੇ ਕੈਨੇਡਾ ਤੇ ਅਮਰੀਕਾ ਵਿਚ ਹੁਣ ਵੀ ਦਾਖ਼ਲੇ ਦੀ ਆਗਿਆ ਮਿਲਦੀ ਹੈ, ਉਹ ਡਾਕਟਰ ਤੇ ਇੰਜੀਨੀਅਰ ਆਦਿ ਹਨ। ਡਾਕਟਰੀ ਤੇ ਇੰਜੀਨੀਅਰਿੰਗ ਦੀ ਪੜ੍ਹਾਈ ਕਰਨ ਵਾਲੇ ਮੁੰਡੇ ਕੁੜੀਆਂ ਉਨ੍ਹਾਂ ਤੇਤੀ ਫੀ ਸਦੀ ਨਵ-ਯੁਵਕਾਂ ਵਿਚ ਹੀ ਆਉਂਦੇ ਹਨ, ਜਿਨ੍ਹਾਂ ਵਿਚ ਵਿਦੇਸ਼ੀ ਭਾਸ਼ਾ ਸਿੱਖ ਲੈਣ ਦੀ ਯੋਗਤਾ ਹੁੰਦੀ ਹੈ। ਤੀਜੀ ਗੱਲ ਇਹ ਹੈ ਕਿ ਇਨ੍ਹਾਂ ਦੇਸ਼ਾਂ ਵਿਚ ਜਾਣ ਵਾਲੇ ੭੦ ਫੀ ਸਦੀ ਲੋਕ (ਚੋਰੀ ਛੁਪੇ ਜਾਂ ਨਾਜਾਇਜ਼ ਢੰਗ ਨਾਲ) ਉਹ ਪੰਜਾਬੀ ਹੁੰਦੇ ਹਨ, ਜਿਨ੍ਹਾਂ ਨੂੰ ਅੰਗਰੇਜ਼ੀ ਭਾਸ਼ਾ ਨਾ ਆਉਣ ਦੇ ਬਰਾਬਰ ਹੀ ਆਉਂਦੀ ਹੁੰਦੀ ਹੈ। ਚੌਥੀ ਇਹ ਕਿ ਅੱਜ ਕੱਲ੍ਹ ਵਿਦੇਸ਼ਾਂ ਵਿਚ ਜਾਣ ਵਾਲਿਆਂ ਦੀ ਭਾਰੀ ਬਹੁਗਿਣਤੀ ਉਨ੍ਹਾਂ ਖਾੜੀ ਦੇਸ਼ਾਂ ਜਾਂ ਯੂਰਪੀਨਾਂ ਦੇਸ਼ਾਂ (ਜਰਮਨੀ, ਫ਼ਰਾਂਸ ਆਦਿ) ਨੂੰ, ਦਲਾਲਾਂ ਰਾਹੀਂ ਜਾ ਰਹੀ ਹੈ, ਜਿਨ੍ਹਾਂ ਵਿਚ ਅੰਗਰੇਜ਼ੀ ਭਾਸ਼ਾ ਬੋਲਣ ਨਾਲ ਕੰਮ ਨਹੀਂ ਚਲਦਾ।

ਪ੍ਰਥਮ ਸਥਾਨ

25 ਸਾਲ ਪਹਿਲਾਂ ਪਾਸ ਹੋਏ ਪੰਜਾਬ ਰਾਜ ਭਾਸ਼ਾ ਐਕਟ ਦੀ ਅੱਜ ਕੱਲ੍ਹ ਵੀ ਚਰਚਾ ਹੈ। ਇਸ ਨੇ ਪੰਜਾਬੀ ਭਾਸ਼ਾ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਦੇ ਦਿੱਤਾ ਸੀ ਪਰ ਇਸੇ ਐਕਟ ਨੇ ਪੰਜਾਬੀ ਭਾਸ਼ਾ ਨੂੰ ਯੋਗ ਸਥਾਨ ਨਹੀਂ ਮਿਲਣ ਦਿੱਤਾ, ਕਿਉਂਕਿ ਇਸ ਵਿਚ ਇਕ ਮੱਦ ਸ਼ਾਮਲ ਹੈ ਕਿ ਅੰਗਰੇਜ਼ੀ ਭਾਸ਼ਾ ਵੀ ਸਰਕਾਰੀ ਕੰਮ ਕਾਜ ਵਿਚ ਵਰਤਣੀ ਜਾਰੀ ਰਹੇਗੀ। ਇਸ ਵਿਚ ਸਰਕਾਰ-ਦਰਬਾਰ ਵਿਚ ਪੰਜਾਬੀ ਨਾ ਵਰਤਣ ਲਈ ਕੋਈ ਸਜ਼ਾ ਦਿੱਤੇ ਜਾਣ ਦੀ ਮੱਦ ਵੀ ਸ਼ਾਮਲ ਨਹੀਂ।

ਸੋ, ਜਦੋਂ ਤੱਕ ਭਾਰਤ ਵਿਚ ਹਕੂਮਤ ਉਤੇ ਅੰਗਰੇਜ਼ੀ-ਜਾਣਨ ਵਾਲੇ ਛਾਏ ਹੋਏ ਹਨ ਤੇ ਪੰਜਾਬ ਦੇ ਰਾਜ ਦਰਬਾਰ ਵਿਚ ਅੰਗਰੇਜ਼ੀ ਦੀ ਥਾਂ ਪੰਜਾਬੀ ਨੂੰ ਨਹੀਂ ਮਿਲਦੀ, ਪੰਜਾਬੀ ਨੂੰ ਪੰਜਾਬ ਵਿਚ ਪ੍ਰਥਮ ਸਥਾਨ ਨਹੀਂ ਮਿਲਣਾ। ਸਾਰੇ ਦੇਸ਼ ਦੀ ਹਕੂਮਤ ਅਤੇ ਵੱਡੇ ਕੰਮਾਂ ਕਾਜਾਂ ਉਤੇ ਛਾਏ ਹੋਏ ਅੰਗਰੇਜ਼ੀ ਜਾਣਨ ਵਾਲੇ ਲੋਕਾਂ ਨੂੰ ਤਾਂ ਪੰਜਾਬੀ ਲੋਕ ਪਿੱਛੇ ਨਹੀਂ ਹਟਾ ਸਕਦੇ, ਪਰ ਪੰਜਾਬ ਵਿਚ ਸਰਕਾਰ ਦਰਬਾਰ ਵਿਚ ਅਤੇ ਸਿੱਖਿਆ ਸੰਸਾਰ ਵਿਚ ਪੰਜਾਬੀ ਨੂੰ ਪਹਿਲਾ ਸਥਾਨ ਜ਼ਰੂਰ ਦਿਲਵਾ ਸਕਦੇ ਹਨ ਜੇ ਮੁੱਖ ਮੰਤਰੀ-ਸਾਹਿਬ ਗੁਆਂਢੀ ਰਾਜਾਂ ਵਿਚ ਪੰਜਾਬੀ ਭਾਸ਼ਾ ਨੂੰ ਦੂਜੀ ਭਾਸ਼ਾ ਦਾ ਦਰਜਾ ਦਿਲਵਾਉਣਾ ਚਾਹੁੰਦੇ ਹਨ ਤਾਂ, ਉਹ ਪੰਜਾਬ ਵਿਚ ਵੀ ਹਰ ਖੇਤਰ ਵਿਚ ਪੰਜਾਬੀ ਨੂੰ ਪਹਿਲਾ ਸਥਾਨ ਦਿਲਵਾਉਣ। ਇਹ ਕੰਮ ਉਹ ਸਕੱਤਰੇਤ ਤੋਂ ਸ਼ੁਰੂ ਕਰਨ। ਸਕੱਤਰੇਤ ਵਿਚੋਂ ਅੰਗਰੇਜ਼ੀ ਦੀਆਂ ਟਾਈਪ ਮਸ਼ੀਨਾਂ ਚੁਕਾਈਆਂ ਜਾਣ। ਉਨ੍ਹਾਂ ਆਈ ਏ. ਐਸ. ਅਫ਼ਸਰਾਂ ਨੂੰ ਪਹਿਲ ਦਿੱਤੀ ਜਾਏ, ਜੋ ਪੰਜਾਬੀ ਭਾਸ਼ਾ ਦੀ ਮੁਹਾਰਤ ਰੱਖਦੇ ਹਨ। ਖ਼ਾਸ ਤੌਰ 'ਤੇ, ਹਰ ਸਾਲ ਨਵੇਂ ਆ ਰਹੇ ਆਈ. ਏ. ਐਸ., ਆਈ. ਪੀ. ਐਸ. ਅਫ਼ਸਰ (ਇਨ੍ਹਾਂ ਦੀ ਅਲਾਟਮੈਂਟ ਕੇਂਦਰ ਕਰਦਾ ਹੈ) ਅਤੇ ਪੀ. ਸੀ. ਐਸ. ਅਫ਼ਸਰ ਸਿਰਫ ਉਹ ਹੀ ਪ੍ਰਵਾਨ ਕੀਤੇ ਜਾਣ, ਜਿਹੜੇ ਪੰਜਾਬੀ ਭਾਸ਼ਾ ਤੇ ਸਾਹਿਤ ਦਾ ਵਿਸ਼ਾ ਪਾਸ ਕਰਕੇ ਆਏ ਹੋਣ।

ਜਦੋਂ ਤੱਕ ਪੰਜਾਬੀ ਭਾਸ਼ਾ ਨਾਲ ਮੋਹ ਕਰਨ ਵਾਲੇ ਅਧਿਕਾਰੀ

ਉੱਚੇ ਅਹੁਦਿਆਂ ਉਤੇ ਨਹੀਂ ਆਉਂਦੇ, ਪੰਜਾਬੀ ਭਾਸ਼ਾ ਰਾਜ-ਕਾਜ ਵਿਚ ਠੀਕ ਤਰ੍ਹਾਂ ਪ੍ਰਚੱਲਤ ਨਹੀਂ ਹੋਣੀ।

ਇਕ ਬੜੀ ਵੱਡੀ ਹਕੀਕਤ ਇਹ ਹੈ ਕਿ ਕਿਸੇ ਵੀ ਭਾਸ਼ਾ ਨੂੰ ਲੋਕਾਂ ਵਿਚ ਪ੍ਰਚੱਲਤ ਕਰਨ ਵਿਚ ਲੇਖਕ ਵੱਡੀ ਭੂਮਿਕਾ ਨਿਭਾਉਂਦੇ ਹਨ ਤੇ ਇਹ ਵੀ ਕੌੜੀ ਹਕੀਕਤ ਹੈ ਕਿ ਜਿਉਂ ਜਿਉਂ ਸਾਲ ਬੀਤਦੇ ਗਏ ਪੰਜਾਬ ਵਿਚ ਪੰਜਾਬੀ ਲੇਖਕਾਂ ਦੀਆਂ ਮੁਸ਼ਕਲਾਂ ਘਟਣ ਦੀ ਥਾਂ ਵਧਦੀਆਂ ਗਈਆਂ। 1930 ਤੋਂ 1960 ਦੇ ਵਿਚਕਾਰ ਨੌਕਰੀ ਛੱਡ ਕੇ ਜਾਂ ਨੌਕਰੀਆਂ ਨਾ ਕਰਕੇ ਗੁਰਬਖ਼ਸ਼ ਸਿੰਘ ਪ੍ਰੀਤਲੜੀ, ਨਾਨਕ ਸਿੰਘ ਨਾਵਲਕਾਰ; ਪ੍ਰੋ: ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਜਸਵੰਤ ਸਿੰਘ ਕੰਵਲ, ਸੰਤੋਖ ਸਿੰਘ ਧੀਰ, ਬਾਵਾ ਬਲਵੰਤ ਕੁਲਵਕਤੀ ਲੇਖਕ ਬਣ ਗਏ ਸਨ, ਹਾਲਾਂ ਕਿ ਉਦੋਂ ਨਾ ਪੰਜਾਬੀ ਰਾਜ-ਕਾਜ ਦੀ ਭਾਸ਼ਾ ਸੀ, ਨਾ ਸਿੱਖਿਆ ਦਾ ਮਾਧਿਅਮ। 1960 ਤੋਂ ਪਿਛੋਂ ਕੁਲਵਕਤੀ ਲੇਖਕ ਬਣਨ ਵਾਲੇ ਵਿਅਕਤੀਆਂ ਦੀ ਗਿਣਤੀ ਪਹਿਲਾਂ ਨਾਲੋਂ ਘਟ ਗਈ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਪੰਜਾਬੀ ਪੁਸਤਕਾਂ ਦੀ ਵਿਕਰੀ ਪਿਛਲੇ ਤੀਹ ਸਾਲਾਂ ਵਿਚ ਵਧੀ ਨਹੀਂ, ਲਗਾਤਾਰ ਘਟੀ ਹੈ। ਜਿਸ ਸੂਬੇ ਵਿਚ ਪੰਜਾਬੀ ਪੁਸਤਕਾਂ ਦੀ ਵਿਕਰੀ ਹੀ ਘਟਦੀ ਜਾ ਰਹੀ ਹੋਵੇ, ਉਸ ਵਿਚ ਪੰਜਾਬੀ ਭਾਸ਼ਾ ਨੂੰ ਸਰਕਾਰੀ ਭਾਸ਼ਾ ਤੇ ਸਿਖਿਆ ਦੀ ਭਾਸ਼ਾ ਕਹਿਣ ਵਾਲੀ ਗੱਲ ਮਜ਼ਾਕ ਜਾਪਦੀ ਹੈ। ਪੰਜਾਬੀ ਪ੍ਰਕਾਸ਼ਕ ਪ੍ਰਕਾਸ਼ਨ ਦੇ ਖੇਤਰ ਵਿਚੋਂ ਨਿਕਲਦੇ ਗਏ ਹਨ। ਇਕ ਹਜ਼ਾਰ ਕਾਪੀਆਂ ਦੇ ਐਡੀਸ਼ਨ ਦੀ ਥਾਂ ਹੁਣ ਢਾਈ ਢਾਈ ਸੌ ਕਾਪੀਆਂ ਦੇ ਐਡੀਸ਼ਨ ਛਪ ਰਹੇ ਹਨ। ਪ੍ਰਕਾਸ਼ਕ ਲੇਖਕਾਂ ਨੂੰ ਮਿਹਨਤਾਨਾ ਦੇਣ ਦੀ ਥਾਂ ਉਨ੍ਹਾਂ ਤੋਂ ਪ੍ਰਕਾਸ਼ਨ ਲਾਗਤ ਦਾ ਹਿੱਸਾ ਮੰਗਦੇ ਹਨ। ਜੇ ਸਾਹਿਤ ਛਪੇਗਾ ਹੀ ਨਹੀਂ, ਪੁਸਤਕਾਂ ਲੋਕਾਂ ਤੱਕ ਪਹੁੰਚਣਗੀਆਂ ਹੀ ਨਹੀਂ, ਪੰਜਾਬੀ ਭਾਸ਼ਾ ਦਾ ਪੜ੍ਹਨਾ ਹਰਮਨ ਪਿਆਰਾ ਕਿਵੇਂ ਬਣੇਗਾ ?

ਪੰਜਾਬੀ ਪੁਸਤਕਾਂ ਦੇ ਪ੍ਰਕਾਸ਼ਨਾਂ ਤੇ ਵਿਕਰੀ ਦੀ ਰਫ਼ਤਾਰ ਘਟਦੇ ਜਾਣ ਲਈ ਕੁਝ ਕਸੂਰ ਯੂਨੀਵਰਸਿਟੀਆਂ ਦਾ ਹੈ, ਜਿਨ੍ਹਾਂ ਨੇ ਪਾਠ-ਪੁਸਤਕਾਂ ਛਾਪਣ ਦਾ ਕੰਮ ਆਪਣੇ ਹੱਥ ਵਿਚ ਲੈ ਲਿਆ ਤੇ ਬਹੁਤਾ ਕਸੂਰ ਪੰਜਾਬ ਸਰਕਾਰ ਦਾ ਹੈ, ਜੋ ਲਾਇਬ੍ਰੇਰੀਆਂ ਖੋਲ੍ਹਣ ਅਤੇ ਲਾਇਬ੍ਰੇ-

ਰੀਆਂ ਲਈ ਪੁਸਤਕਾਂ ਖ਼ਰੀਦਣ ਲਈ ਧਨ ਕੱਢਣੋਂ ਹਟ ਗਈ। 1960 ਤੱਕ ਯੂਨੀਵਰਸਿਟੀ ਸਿਰਫ਼ ਇਕ ਸੀ, ਪਰ ਸਭ ਪਾਠ-ਪੁਸਤਕਾਂ ਪੰਜਾਬੀ ਪ੍ਰਕਾਸ਼ਕ ਛਾਪਦੇ ਸਨ ਤੇ ਯੂਨੀਵਰਸਿਟੀ ਦੇ ਕਹਿਣ ਉਤੇ ਮੁਕਾਬਲੇ ਲਈ ਭੇਜਦੇ ਸਨ। ਜੇ ਬੀ. ਏ. ਜਾਂ ਗਿਆਨੀ ਦੀ ਪ੍ਰੀਖਿਆ ਲਈ ਇਕ ਕਾਵਿ-ਸੰਗ੍ਰਹਿ ਜਾਂ ਇਕ ਕਹਾਣੀ ਸੰਗ੍ਰਹਿ ਲੱਗਣਾ ਹੁੰਦਾ ਸੀ ਤਾਂ ਦਰਜਨ ਪ੍ਰਕਾਸ਼ਕ ਲੇਖਕਾਂ ਤੋਂ ਖਰੜੇ ਲੈ ਕੇ ਆਪਣੇ ਖ਼ਰਚ ਉਤੇ ਦਰਜਨ ਕਾਵਿ-ਸੰਗ੍ਰਹਿ ਪ੍ਰਕਾਸ਼ਤ ਕਰ ਦਿੰਦੇ ਸਨ। ਕਿਸੇ ਇਕ ਪ੍ਰਕਾਸ਼ਕ ਦੀ ਪੁਸਤਕ ਇਕ ਪ੍ਰੀਖਿਆ ਲਈ ਪਾਠ ਪੁਸਤਕ ਲੱਗ ਜਾਂਦੀ ਸੀ ਕਿਸੇ ਦੂਜੇ ਦੀ ਦੂਜੀ ਪ੍ਰੀਖਿਆ ਲਈ, ਕਿਸੇ ਤੀਜੇ ਦੀ ਇਸੇ ਪ੍ਰੀਖਿਆ ਦੇ ਕਿਸੇ ਹੋਰ ਪਰਚੇ ਲਈ। ਪਾਠ-ਪੁਸਤਕ ਦੀਆਂ ਕਈ ਹਜ਼ਾਰ ਕਾਪੀਆਂ ਵਿਕ ਜਾਂਦੀਆਂ। ਪ੍ਰਕਾਸ਼ਕ ਦੀ ਪੂੰਜੀ ਵੀ ਵਾਪਸ ਆ ਜਾਂਦੀ ਕੁਝ ਮੁਨਾਫ਼ਾ ਵੀ। ਇਕ ਦਰਜਨ ਪ੍ਰਕਾਸ਼ਕ ਪ੍ਰਕਾਸ਼ਨ ਦੇ ਮੈਦਾਨ ਵਿਚ ਡਟੇ ਰਹਿੰਦੇ।

ਜਿਹੜੀਆਂ ਪੁਸਤਕਾਂ ਪਾਠ-ਪੁਸਤਕਾਂ ਨਾ ਲੱਗਦੀਆਂ, ਉਹ ਲਾਇਬ੍ਰੇਰੀਆਂ ਵਿਚ ਹੌਲੀ ਹੌਲੀ ਜਾਂਦੀਆਂ ਰਹਿੰਦੀਆਂ। ਇਸੇ ਕਰਕੇ ਕੁਲਵਕਤੀ ਲੇਖਕ ਆਪਣੀਆਂ ਪੁਸਤਕਾਂ ਆਪ ਵੀ ਪ੍ਰਕਾਸ਼ਤ ਕਰ ਲੈਂਦੇ। ਲੇਖਕ ਲੜ ਝਗੜ ਕੇ ਥੋੜ੍ਹੀ ਬਹੁਤੀ ਰਾਇਲਟੀ ਵੀ ਪ੍ਰਕਾਸ਼ਕਾਂ ਪਾਸੋਂ ਲੈ ਲੈਂਦੇ। ਯੂਨੀਵਰਸਿਟੀਆਂ ਅਤੇ ਸਕੂਲ ਬੋਰਡ ਨੇ ਸਭ ਪਾਠ-ਪੁਸਤਕਾਂ ਆਪ ਛਾਪਣ ਤੇ ਵੇਚਣ ਦਾ ਧੰਦਾ ਸ਼ੁਰੂ ਕਰਕੇ ਪ੍ਰਕਾਸ਼ਕਾਂ ਨੂੰ ਤਾਂ ਮੈਦਾਨੋਂ ਕੱਢ ਦਿੱਤਾ ਪਰ ਲੇਖਕਾਂ ਦੀ ਆਮਦਨੀ ਨਹੀਂ ਵਧਾਈ। ਪੰਜਾਬ ਸਰਕਾਰ ਪਹਿਲਾਂ ਜਿੰਨੀਆਂ ਕੁ ਵੀ ਕਿਤਾਬਾਂ (ਬਹੁਤੀਆਂ ਨਹੀਂ) ਲਾਇਬ੍ਰੇਰੀਆਂ ਲਈ ਖ਼ਰੀਦਿਆ ਕਰਦੀ ਸੀ, ਉਹ ਖ਼ਰੀਦਣੋਂ ਪਿੱਛੇ ਹਟਦੀ ਗਈ। ਨਤੀਜਾ ਹੈ ਕਿ ਵੱਡੇ ਵੱਡੇ ਲੇਖਕਾਂ ਨੂੰ ਹੁਣ ਪ੍ਰਕਾਸ਼ਕ ਨਹੀਂ ਮਿਲਦੇ।

ਪੁਸਤਕਾਂ ਦੀ ਖ਼ਰੀਦ

ਮੁੱਖ-ਮੰਤਰੀ ਸ੍ਰੀ ਬੇਅੰਤ ਸਿੰਘ, ਸਿੱਖਿਆ ਮੰਤਰੀ ਸ੍ਰੀ ਹਰਨਾਮ ਦਾਸ ਜੌਹਰ ਅਤੇ ਖ਼ਜ਼ਾਨਾ-ਮੰਤਰੀ ਡਾ: ਕੇਵਲ ਕ੍ਰਿਸ਼ਨ ਗੰਭੀਰਤਾ ਨਾਲ

ਪੜਤਾਲ ਕਰਨ ਕਿ ਕਿੰਨੀ ਕੁ ਰਕਮ, ਇਸ ਸਾਲ ਦੇ ਬਜਟ ਵਿਚ, ਪੁਸਤਕਾਂ ਦੀ ਖ਼ਰੀਦ ਲਈ ਅਤੇ ਨਵੀਆਂ ਲਾਇਬ੍ਰੇਰੀਆਂ ਸਥਾਪਤ ਕਰਨ ਲਈ ਰੱਖੀ ਗਈ ਹੈ ? ਨਵੀਆਂ ਲਾਇਬ੍ਰੇਰੀਆਂ ਤਾਂ ਪਿਛਲੇ ਬਹੁਤ ਸਾਰੇ ਸਾਲਾਂ ਤੋਂ ਬਿਲਕੁੱਲ ਖੋਲ੍ਹੀਆਂ ਹੀ ਨਹੀਂ ਜਾ ਰਹੀਆਂ। ਪੁਸਤਕਾਂ ਦੀ ਖ਼ਰੀਦ ਲਈ ਜੋ ਰਕਮ ਵੱਖ ਵੱਖ ਵਿਭਾਗਾਂ ਵਿਚ, ਰੱਖੀ ਵੀ ਗਈ ਹੈ ਉਹ ਨਾ ਹੋਣ ਦੇ ਬਰਾਬਰ ਹੀ ਹੈ। ਸਕੂਲਾਂ ਵਿਚ ਬੱਚਿਆਂ ਲਈ ਲਾਇਬ੍ਰੇਰੀਆਂ ਸਥਾਪਤ ਕਰਨ ਦੀ ਪ੍ਰੰਪਰਾ ਬਹੁਤ ਪੁਰਾਣੀ ਹੈ। ਹਰ ਸਾਲ ਕੁਝ ਕਿਤਾਬਾਂ ਵੀ ਖ਼ਰੀਦੀਆਂ ਜਾਂਦੀਆਂ ਹੋਣਗੀਆਂ। ਪਰ ਕੁਲਵਕਤੀ ਲਾਇਬ੍ਰੇਰੀਅਨ ਕਿੰਨੇ ਸਕੂਲਾਂ ਵਿਚ ਹਨ। ਕੁਲਵਕਤੀ ਲਾਇਬ੍ਰੇਰੀਅਨ ਤੋਂ ਬਿਨਾਂ ਲਾਇਬ੍ਰੇਰੀ ਕਿਵੇਂ ਚੱਲ ਸਕਦੀ ਹੈ ? ਬੱਚਿਆਂ ਵਿਚ ਪੁਸਤਕ ਪੜ੍ਹਨ ਦੀ ਲਗਨ ਕਿਵੇਂ ਲਾਈ ਜਾ ਸਕਦੀ ਹੈ ?

ਜਿਸ ਸੂਬੇ ਵਿਚ ਪੰਜਾਬੀ ਦੀ ਪੁਸਤਕ ਛਪਦੀ ਨਹੀਂ, ਵਿਕਦੀ ਨਹੀਂ, ਪੜ੍ਹੀ ਪੜ੍ਹਾਈ ਨਹੀਂ ਜਾਂਦੀ, ਉਸ ਵਿਚ ਪੰਜਾਬੀ ਰਾਜ ਭਾਸ਼ਾ ਕਿਵੇਂ ਹੋਈ ? ਉਸ ਦਾ ਪਹਿਲਾ ਸਥਾਨ ਕਿਵੇਂ ਹੋਇਆ ?

(ਪੰਜਾਬੀ ਟ੍ਰਿਬਿਊਨ, 9-4-1992 ਵਿਚੋਂ ਧੰਨਵਾਦ ਸਹਿਤ)

ਪਿੰਗਲਵਾੜੇ ਦਾ ਮਹੀਨੇ ਭਰ ਦਾ ਖ਼ਰਚਾ

ਲੰਗਰ ਦਾ ਖ਼ਰਚ	—	5,25,000 ਰੁਪਏ
ਦਵਾਈਆਂ ਦਾ ਖ਼ਰਚ	—	3,25,000 ਰੁਪਏ
ਮਰੀਜ਼ਾਂ ਲਈ ਕੱਪੜੇ ਦਾ ਖ਼ਰਚ	—	1,50,000 ਰੁਪਏ
ਤਨਖ਼ਾਹਾਂ ਦਾ ਖ਼ਰਚ	—	10,00,000 ਰੁਪਏ
ਦੁੱਧ ਅਤੇ ਦਹੀਂ ਦਾ ਖ਼ਰਚ	—	3,00,000 ਰੁਪਏ
ਸਫ਼ਾਈ ਅਤੇ ਕੱਪੜਿਆਂ ਦੀ ਧੁਲਾਈ ਆਦਿ ਦਾ ਖ਼ਰਚ	—	1,00,000 ਰੁਪਏ
ਬਿਲਡਿੰਗ ਮੁਰੰਮਤ ਅਤੇ ਨਵ-ਨਿਰਮਾਣ	—	1,50,000 ਰੁਪਏ
ਮੁਫ਼ਤ ਵਿੱਦਿਆ	—	2,00,000 ਰੁਪਏ

ਦਿਖਾਵਾ ਅਤੇ ਘਰੋਗੀ ਜੀਵਨ

ਪ੍ਰੋ: ਕਵਲਜੀਤ ਮਹਿਰੋਕ

ਦਿਖਾਵਾ ਭਾਵ ਹਕੀਕਤ ਤੋਂ ਅਲੱਗ ਵਿਚਰਨ ਦੀ ਗੱਲ। ਜਦ ਕਿ ਘਰੋਗੀ ਜੀਵਨ ਤੋਂ ਭਾਵ ਉਹ ਜੀਵਨ ਹੈ ਜਿੱਥੇ ਜ਼ਿੰਦਗੀ ਦੀਆਂ ਕੌੜੀਆਂ ਮਿੱਠੀਆਂ ਹਕੀਕਤਾਂ ਦੇ ਰੂ-ਬਰੂ ਹੋਣਾ ਪੈਂਦਾ ਹੈ। ਸਿਆਣਿਆਂ ਦਾ ਕਥਨ ਹੈ ਕਿ ਅਗਰ ਤੁਸੀਂ ਕਿਸੇ ਵਿਅਕਤੀ ਦੀ ਸ਼ਖ਼ਸੀਅਤ ਦੀ ਸੱਚੀ-ਸੁੱਚੀ ਤਸਵੀਰ ਦੇਖਣੀ ਚਾਹੁੰਦੇ ਹੋ ਤਾਂ ਉਸ ਦੇ ਘਰੋਗੀ ਜੀਵਨ ਦੀ ਥਾਹ ਪਾਓ, ਪਰ ਬਦਕਿਸਮਤੀ ਵੱਸ ਅੱਜ ਸਾਡੀ ਜ਼ਿੰਦਗੀ ਦੇ ਹਰੇਕ ਪੱਗ ਉਪਰ ਵਿਖਾਵੇ ਦਾ ਮੁਲੰਮਾ ਚੜ੍ਹਿਆ ਹੋਇਆ ਹੈ। ਸਾਡਾ ਰਹਿਣ, ਸਹਿਣ, ਖਾਣ-ਪੀਣ, ਪਹਿਰਾਵਾ, ਬੋਲ-ਚਾਲ, ਦੋਸਤਾਂ-ਮਿੱਤਰਾਂ ਨਾਲ ਵਿਹਾਰ ਸਭ ਕੁਝ ਹੀ ਨੁਮਾਇਸ਼ੀ ਕਿਸਮ ਦਾ ਬਣ ਗਿਆ ਹੈ। ਆਧੁਨਿਕ ਮਨੁੱਖ ਦੀਆਂ ਅੱਧਿਉਂ ਵੱਧ ਪ੍ਰੇਸ਼ਾਨੀਆਂ, ਚਿੰਤਾਵਾਂ ਆਪ ਸਹੇੜੀਆਂ ਹੋਈਆਂ ਹਨ। ਇਹ ਵਿਖਾਵੇ ਵਿਚੋਂ ਜਨਮਦੀਆਂ ਹਨ। ਅੱਜ ਲੋਕਾਂ ਦਾ ਜੀਵਨ ਇੰਨਾ ਜ਼ਿਆਦਾ ਐਸ਼-ਪ੍ਰਸਤੀ ਅਤੇ ਵਿਖਾਵੇ ਵਾਲਾ ਬਣ ਗਿਆ ਹੈ ਕਿ ਉਹਨਾਂ ਦੀ ਜ਼ਿੰਦਗੀ ਅਰਥ ਵਿਹੂਣੀ ਅਤੇ ਥੋਥੀ ਜਾਪਣ ਲੱਗ ਪਈ ਹੈ।

ਘਰੋਗੀ ਜੀਵਨ ਦਾ ਆਧਾਰ ਪਿਆਰ ਹੈ। ਘਰ ਦੀ ਪਰਿਭਾਸ਼ਾ ਦਿੰਦਿਆਂ ਪ੍ਰਿੰ: ਤੇਜਾ ਸਿੰਘ ਲਿਖਦੇ ਹਨ -ਘਰ ਇੱਟਾਂ ਜਾਂ ਵੱਟਿਆਂ ਦੇ ਬਣੇ ਕੋਠੇ ਨੂੰ ਨਹੀਂ ਕਹਿੰਦੇ। ਘਰ ਤੋਂ ਭਾਵ ਉਹ ਥਾਂ ਹੈ, ਜਿਥੇ ਮਨੁੱਖ ਦਾ ਪਿਆਰ ਅਤੇ ਸੱਧਰਾਂ ਪਲਦੀਆਂ ਹਨ; ਉਹ ਘਰ ਵਡਭਾਗੇ ਹਨ ਜਿਨ੍ਹਾਂ ਵਿਚ ਹਰ ਕੰਮ ਅਤੇ ਵਿਹਾਰ ਤੋਂ ਪਿਆਰ, ਸਤਿਕਾਰ ਅਤੇ ਅਪਣੱਤ ਦੀ ਭਾਵਨਾ ਡੁੱਲ੍ਹ ਡੁੱਲ੍ਹ ਪੈਂਦੀ ਹੈ। ਸੱਚਾ ਸੁੱਚਾ ਪਿਆਰ ਪਰਿਵਾਰ ਦੇ ਜੀਆਂ ਨੂੰ ਮਾਲਾ ਦੇ ਮਣਕਿਆਂ ਵਾਂਙ ਇਕ ਸੂਤਰ ਵਿਚ ਪਰੋਈ ਰੱਖਦਾ ਹੈ। ਅਜਿਹੇ ਪਰਿਵਾਰ ਦੇ ਜੀਆਂ ਦੇ ਸੁੱਖ-ਦੁੱਖ, ਖ਼ੁਸ਼ੀਆਂ-ਤਕਲੀਫ਼ਾਂ, ਸੰਘਰਸ਼-ਸਫ਼ਲਤਾਵਾਂ ਸਾਂਝੇ ਹੁੰਦੇ ਹਨ। ਜਦ ਕਿ ਇਸ ਦੇ ਉਲਟ ਵਿਖਾਵੇ ਵਾਲਾ ਪਿਆਰ ਬਾਬਾ ਫ਼ਰੀਦ ਅਨੁਸਾਰ

ਉਸੇ ਟੁੱਟੇ ਛੱਪਰ ਦੀ ਨਿਆਈਂ ਹੁੰਦਾ ਹੈ ਜਿਸ ਹੇਠ ਵਰ੍ਹਦੇ ਮੀਂਹ ਵਿਚ ਥੋੜ੍ਹੀ ਜਿਹੀ ਦੇਰ ਲਈ ਵੀ ਗੁਜ਼ਾਰਾ ਨਹੀਂ ਕੀਤਾ ਜਾ ਸਕਦਾ। ਇਹ ਗੱਲ ਭਾਵੇਂ ਅਧਿਆਤਮਿਕ ਪ੍ਰਸੰਗ ਵਿਚ ਆਖੀ ਗਈ ਹੈ ਪਰ ਦੁਨਿਆਵੀ ਜ਼ਿੰਦਗੀ ਵਿਚ ਵਾਰ ਵਾਰ ਢੁਕਦੀ ਹੈ। ਜਿੱਥੇ ਹਰ ਸ਼ੈਅ ਵਿਚੋਂ ਅਮੀਰੀ ਅਤੇ ਵਿਖਾਵੇ ਦੀ ਬੋ ਆਉਂਦੀ ਹੈ, ਉਸ ਘਰ ਦੇ ਮੈਂਬਰ ਆਮ ਕਰਕੇ ਰਾਹੋਂ ਭਟਕ ਜਾਂਦੇ ਹਨ। ਜੋ ਲੋਕ ਜ਼ਿੰਦਗੀ ਦੀ ਹਕੀਕਤ ਤੋਂ ਜਾਣੂੰ ਹੋ ਜਾਂਦੇ ਹਨ, ਉਹ ਵਾਧੂ ਦੇ ਵਿਖਾਵਿਆਂ ਦੀ ਲੋੜ ਹੀ ਮਹਿਸੂਸ ਨਹੀਂ ਕਰਦੇ। ਅਜਿਹੇ ਲੋਕ ਸਮਾਜਿਕ ਜੀਵਨ ਦੀਆਂ ਟੀਪਾਂ-ਟਾਪਾਂ ਹੋਰਨਾਂ ਲਈ ਛੱਡ ਦਿੰਦੇ ਹਨ। ਉਹਨਾਂ ਦੇ ਜੀਵਨ ਆਦਰਸ਼ ਉੱਚੇ ਹੁੰਦੇ ਹਨ, ਉਹਨਾਂ ਦੀ ਘਰੋਗੀ ਜ਼ਿੰਦਗੀ ਦਾ ਕੋਈ ਆਧਾਰ ਹੁੰਦਾ ਹੈ। ਅਜਿਹੇ ਘਰਾਂ ਦੀ ਹਰ ਚੀਜ਼-ਵਸਤ, ਉਸ ਦੇ ਜੀਆਂ ਦੀਆਂ ਰੁਚੀਆਂ, ਮਾਨਸਿਕ ਝੁਕਾਵਾਂ ਅਤੇ ਆਚਰਣ ਦੇ ਅਨੁਕੂਲ ਹੁੰਦੀ ਹੈ। ਅਜਿਹੇ ਲੋਕਾਂ ਦਾ ਜੀਵਨ ਦੂਸਰਿਆਂ ਦੀ ਦੇਖਾ ਦੇਖੀ ਘਰ ਵਿਚ ਹੀ ਪੋਚਾ ਪਾਚੀ ਕਰਨ ਵਿਚ ਹੀ ਨਹੀਂ ਬੀਤ ਜਾਂਦਾ ਸਗੋਂ ਉਹਨਾਂ ਦੇ ਸਾਹਮਣੇ ਕੁਝ ਜੀਵਨ ਆਸ਼ੇ ਹੁੰਦੇ ਹਨ। ਉਹ ਤਾਂ ਕਿਸੇ ਨਿਯਮ ਬੱਧ ਢੰਗ ਨਾਲ ਜੀਵਨ ਜੀਊਣ ਦੇ ਆਦੀ ਹੁੰਦੇ ਹਨ। ਪਰ ਅਜਿਹੇ ਲੋਕ ਸਾਡੇ ਸਮਾਜ ਵਿਚ ਆਟੇ 'ਚ ਲੂਣ ਬਰਾਬਰ ਹਨ। ਅੱਜ ਜੇ ਅਸੀਂ ਆਪਣੇ ਸਮਾਜ ਦੇ ਲੋਕਾਂ ਦੇ ਘਰਾਂ ਅੰਦਰਲੇ ਜੀਵਨ ਦਾ ਵਿਸ਼ਲੇਸ਼ਣ ਕਰੀਏ ਤਾਂ ਘੱਟ ਹੀ ਕਿਤਿਉਂ ਉਚੇਰੇ ਜੀਵਨ ਦੀ ਰੀਝ ਦੀ ਨੁਹਾਰ ਮਿਲੇਗੀ। ਅੱਜ ਕੱਲ ਉਚੇਰੇ ਆਦਰਸ਼ਾਂ ਦੀ ਬਜਾਏ ਸੁਹਜ-ਸਜਾਵਟ, ਓਪਰੀ ਟੀਪ-ਟਾਪ ਉਪਰ ਵਧੇਰੇ ਜ਼ੋਰ ਦਿੱਤਾ ਹੈ। ਬਹੁਤੇ ਘਰ ਨੀਵੀਂ ਪੱਧਰ ਦੀਆਂ ਰੁਚੀਆਂ ਅਨੁਸਾਰ ਹੀ ਸਜਾਏ ਜਾਂਦੇ ਹਨ। ਸਾਡੇ ਰੁਝਾਨ, ਘਰਾਂ ਵਿਚ ਮਹਿੰਗੇ ਫ਼ਰਨੀਚਰ, ਕਲਾ ਦੀਆਂ ਵਸਤਾਂ, ਮਹਿੰਗੇ ਪਰਦੇ, ਮਹਿੰਗੀ ਮਸ਼ੀਨਰੀ ਖ਼ਰੀਦਣ ਤੱਕ ਹੀ ਸੀਮਤ ਰਹਿ ਗਏ ਹਨ। ਕੋਮਲ-ਕਲਾਵਾਂ ਦੀਆਂ ਵਸਤਾਂ ਨਿਸ਼ਚੇ ਹੀ ਸਾਡੀਆਂ ਕਲਾਤਮਿਕ ਅਤੇ ਸੁਹਜਾਤਮਿਕ ਰੁਚੀਆਂ ਦੀਆਂ ਸੂਚਕ ਹੁੰਦੀਆਂ ਹਨ ਪਰ ਆਧੁਨਿਕ ਅਖਵਾਉਣ ਵਾਲੇ ਬਹੁਤੇ ਘਰਾਂ ਵਿਚ ਇਹਨਾਂ ਦੀ ਏਨੀ ਕੁ ਘੜਮੱਸ ਹੁੰਦੀ ਹੈ ਕਿ ਇਹ ਉਸ ਉਦੇਸ਼ ਤੋਂ ਲਾਂਭੇ ਲੈ ਜਾਂਦੀ

ਹੈ, ਜਿਸ ਹਿੱਤ ਇਹ ਸਜਾਈਆਂ ਜਾਂਦੀਆਂ ਹਨ। ਅਜਾਇਬ-ਘਰਾਂ ਅਤੇ ਘਰਾਂ ਵਿਚਲੇ ਫ਼ਰਕ ਨੂੰ ਸਮਝਣਾ ਨਿਹਾਇਤ ਜ਼ਰੂਰੀ ਹੈ ਪਰ ਸਾਡੇ ਘਰਾਂ ਵਿਚ ਸ਼ੋਅ ਕੇਸ ਤਾਂ ਘਰਾਂ ਨੂੰ ਮਹਿਜ ਦੁਕਾਨਾਂ ਬਣਾ ਦਿੰਦੇ ਹਨ। ਸੋਚਣ ਦੀ ਗੱਲ ਹੈ ਕਿ ਸਾਨੂੰ ਆਪਣੇ ਘਰਾਂ ਨੂੰ ਆਕਰਸ਼ਕ ਅਤੇ ਸੁੰਦਰ ਬਣਾਉਣ ਲਈ ਤਸਵੀਰਾਂ, ਫੂਲਦਾਨ ਅਤੇ ਮਹਿੰਗੀਆਂ ਸਜਾ-ਵਟੀ ਵਸਤਾਂ ਦਾ ਹੀ ਆਸਰਾ ਕਿਉਂ ਲੈਣਾ ਪੈਂਦਾ ਹੈ। ਆਪਣੇ ਆਪ ਨੂੰ ਸਜਾਵਟੀ ਚੀਜ਼ਾਂ ਦਾ ਗ਼ੁਲਾਮ ਬਣਾ ਦੇਣਾ ਕਿੰਨੀ ਮੂਰਖਤਾ ਹੈ। ਕਿਸੇ ਵਿਦਵਾਨ ਦਾ ਕਥਨ ਹੈ 'ਸਾਰੀ ਦੀ ਸਾਰੀ' ਸੁੰਦਰਤਾ ਦਾ ਅਸਲ ਸੋਮਾ ਮਨੁੱਖੀ ਦਿਲ ਹੈ।' ਸਾਡੇ ਸੁਹਜਪੂਰਣ ਵਿਚਾਰ ਅਤੇ ਵਿਹਾਰ ਵੀ ਘਰੋਗੀ ਜੀਵਨ ਦੀ ਅਸਲ ਸਜਾਵਟ ਹਨ। ਯੂਨਾਨੀ ਲੋਕਾਂ ਵਿਚ ਇਹ ਰਿਵਾਜ ਹੈ ਕਿ ਸੁੰਦਰ ਵਸਤਾਂ ਅਤੇ ਕੋਮਲ-ਕਲਾਵਾਂ ਨੂੰ ਆਪਣੀ ਨਿੱਜੀ ਜਾਇਦਾਦ ਨਹੀਂ ਬਣਾਉਂਦੇ ਸਗੋਂ ਅਜਾਇਬ-ਘਰਾਂ ਵਿਚ ਸਜਾਉਂਦੇ ਹਨ ਤਾਂ ਕਿ ਸਭ ਇਨ੍ਹਾਂ ਦੀ ਸੁੰਦਰਤਾ ਮਾਣ ਸਕਣ। ਸਾਡਾ ਸਮਾਜ ਪ੍ਰੰਪਰਾਗਤ ਰੀਤਾਂ ਰਿਵਾਜਾਂ ਦੀ ਕੈਦ ਵਿਚ ਬੁਰੀ ਤਰ੍ਹਾਂ ਜਕੜਿਆ ਪਿਆ ਹੈ ਪਰ ਸਿਰਫ਼ ਲੋਕਾਂ ਦੀ ਵਾਹਵਾ ਖੱਟਣ ਖ਼ਾਤਰ ਜਾਂ ਵਕਤੀ ਸ਼ਾਨ-ਸ਼ੌਕਤ ਖ਼ਾਤਰ ਅਰਥਹੀਣ ਅਤੇ ਬੋਦੀਆ ਹੋ ਚੁੱਕੀਆਂ ਰਸਮਾਂ ਉਪਰ ਖ਼ਰਚ ਕਰਨਾ ਕਿਧਰ ਦੀ ਸਿਆਣਪ ਹੈ, ਅਰਥ ਭਰ-ਭੂਰ ਜ਼ਿੰਦਗੀ ਜਿਊਣ ਵਾਲੇ ਹਰੇਕ ਵਿਅਕਤੀ ਨੂੰ ਅਜਿਹੀਆਂ ਰਸਮਾਂ ਤੋਂ ਬਚਣ ਦੀ ਲੋੜ ਹੈ ਪਰ ਅਜਿਹਾ ਕਰਨ ਲਈ ਤਕੜੇ ਮਨੋਬਲ ਦੀ ਲੋੜ ਹੈ। ਪ੍ਰਸਿੱਧ ਨਾਟਕਕਾਰ ਇਬਸਨ ਦਾ ਕਥਨ ਹੈ 'ਸਭ ਤੋਂ ਵੱਧ ਪ੍ਰਭਾਵਸ਼ਾਲੀ ਵਿਅਕਤੀ ਉਹ ਹੈ ਜਿਹੜਾ ਸਭ ਤੋਂ ਵੱਧ ਇਕੱਲਾ ਖਲੋਂਦਾ ਹੈ।' ਪੱਕੀਆਂ ਲੀਹਾਂ 'ਤੇ ਤੁਰਨ ਵਾਲੇ ਲਕੀਰ ਦੇ ਫ਼ਕੀਰ ਤਾਂ ਬਹੁਤ ਮਿਲ ਜਾਂਦੇ ਹਨ। ਅਜਿਹੇ ਲੋਕ ਰਵਾਇਤੀ ਰਸਮ ਰਿਵਾਜਾਂ ਉਪਰ ਖ਼ਰਚ ਕਰਕੇ ਆਪਣਾ ਧਨ ਅਤੇ ਸਮਾਂ ਤਾਂ ਬਰਬਾਦ ਕਰਦੇ ਹੀ ਹਨ ਨਾਲ ਹੀ ਆਪਣੀ ਸੋਚ ਵੀ ਖੁੰਡੀ ਕਰ ਲੈਂਦੇ ਹਨ। ਸਾਰੀ ਜ਼ਿੰਦਗੀ, ਲੋਕ ਕੀ ਕਹਿਣਗੇ ਦਾ ਹਊਆ ਉਹਨਾਂ ਨੂੰ ਡਰਾਉਂਦਾ ਰਹਿੰਦਾ ਹੈ। ਮਾਨਸਿਕ ਸ਼ਾਂਤੀ ਜਾਂ ਸੰਤੁਸ਼ਟੀ ਦਾ ਤਾਂ ਅਜਿਹੇ ਲੋਕਾਂ ਲਈ ਸਵਾਲ ਹੀ ਨਹੀਂ ਪੈਦਾ ਹੁੰਦਾ। ਮਿਸਾਲ ਵਜੋਂ ਅਨੰਦ-ਕਾਰਜ

ਜਾਂ ਸ਼ਾਦੀ ਵਿਆਹ ਦੀ ਰਸਮ ਦਾ ਉਦੇਸ਼ ਆਰੰਭ ਵਿਚ ਗ੍ਰਿਹਸਥੀ ਦੇ ਰਾਹ 'ਤੇ ਪੈਣ ਵਾਲੇ ਜੋੜੇ ਨੂੰ ਅਸ਼ੀਰਵਾਦ ਜਾਂ ਭਾਈਚਾਰਕ ਸਵੀਕ੍ਰਿਤੀ ਦੇਣਾ ਹੀ ਸੀ ਪਰ ਅੱਜ ਇਹ ਰਸਮ ਫ਼ਜ਼ੂਲ ਖ਼ਰਚੀ ਅਤੇ ਫ਼ੋਕੀ ਸ਼ਾਨ ਦਾ ਘਟੀਆ ਵਸੀਲਾ ਬਣ ਗਈ ਹੈ। ਭਾਰਤੀ ਸਮਾਜ ਤਾਂ ਅਜਿਹੀਆਂ ਰਸਮਾਂ ਵਿਚ ਇਸ ਤਰ੍ਹਾਂ ਜਕੜਿਆ ਹੋਇਆ ਹੈ ਕਿ ਆਉਂਦੀਆਂ ਕਈ ਸਦੀਆਂ ਤੱਕ ਇਸ ਜਿੱਲ੍ਹਣ ਵਿਚੋਂ ਨਿਕਲਣਾ ਅਸੰਭਵ ਜਾਪਦਾ ਹੈ। ਕਦੇ ਆਦਮੀ ਦੀ ਰਫ਼ਤਾਰ, ਦਸਤਾਰ ਅਤੇ ਗੁਫ਼ਤਾਰ ਨੂੰ ਹੀ ਉਸ ਦੀ ਸ਼ਖ਼ਸੀਅਤ ਦੀ ਅਸਲੀ ਪਹਿਚਾਣ ਸਮਝਿਆ ਜਾਂਦਾ ਸੀ ਪਰ ਅੱਜ ਸਾਡਾ ਪਹਿਰਾਵਾ, ਸਾਡੀ ਬੋਲੀ ਅਤੇ ਸਾਡੀ ਚਾਲ-ਢਾਲ ਸਭ ਨਕਲੀ ਕਿਸਮ ਦੇ ਬਣ ਗਏ ਹਨ। ਸਾਡਾ ਪਹਿਰਾਵਾ ਹੁਣ ਸਿਰਫ਼ ਸਾਡਾ ਤਨ ਹੀ ਨਹੀਂ ਕੱਜਦਾ ਸਗੋਂ ਸਾਡੀ ਅਖਾਉਤੀ ਅਮੀਰੀ ਦੇ ਵਿਖਾਵੇ ਦਾ ਵਸੀਲਾ ਵੀ ਹੈ। ਫ਼ੈਸ਼ਨ ਕੀ ਹੈ ? ਦਿਖਾਵੇ ਦਾ ਨਾਂ ਹੀ ਤੇ ਹੈ। ਸਾਡੀ ਬੋਲੀ ਵਿਚ ਅੰਗਰੇਜ਼ੀ ਸ਼ਬਦਾਂ ਦੀ ਭਰਮਾਰ ਹੈ । ਪੱਛਮੀ ਸਭਿਅਤਾ ਦੇ ਪ੍ਰਭਾਵ ਨੇ ਸਾਡੇ ਰਹਿਣ ਸਹਿਣ ਦੇ ਢੰਗ ਨੂੰ ਨੁਮਾਇਸ਼ੀ ਕਿਸਮ ਦਾ ਬਣਾ ਦਿੱਤਾ ਹੈ । ਪੁਸਤਕਾਂ ਜ਼ਿੰਦਗੀ ਦੀਆਂ ਰਹਿਨੁਮਾ ਹੁੰਦੀਆਂ ਹਨ। ਸਾਹਿਤ ਪ੍ਰੇਮੀਆਂ ਲਈ ਇਹ ਇਕ ਵਡਮੁੱਲਾ ਖ਼ਜ਼ਾਨਾ ਹੁੰਦੀਆਂ ਹਨ । ਸਾਹਿਤਕ ਰੁਚੀਆਂ ਵਾਲੇ ਲੋਕਾਂ ਦੇ ਵਧੇਰੇ ਖ਼ਰਚੇ ਪੁਸਤਕਾਂ ਖ਼ਰੀਦਣ ਦੇ ਹੁੰਦੇ ਹਨ। ਜੇ ਅਜਿਹੇ ਲੋਕਾਂ ਨੇ ਚੰਗੀਆਂ ਪੁਸਤਕਾਂ ਖ਼ਰੀਦ ਕੇ ਇਹਨਾਂ ਦੀ ਸੰਭਾਲ ਨਾ ਕੀਤੀ ਹੁੰਦੀ ਜਾਂ ਅੱਜ ਕਲਾਸਿਕ ਪੁਸਤਕਾਂ ਖ਼ਰੀਦ ਕੇ ਇਹਨਾਂ ਦੀ ਸੰਭਾਲ ਨਾ ਕੀਤੀ ਹੁੰਦੀ ਤਾਂ ਅੱਜ ਕਲਾਸਿਕ ਪੁਸਤਕਾਂ ਦਾ ਸਰਮਾਇਆ ਸਾਡੇ ਕੋਲ ਨਾ ਹੁੰਦਾ। ਪੁਸਤਕਾਂ ਦੀ ਖ਼ਰੀਦਦਾਰੀ ਅਤੇ ਘਰ ਵਿਚ ਇਹਨਾਂ ਦੀ ਸੰਭਾਲ ਬੜਾ ਚੰਗਾ ਸ਼ੌਕ ਹੈ ਪਰ ਪੁਸਤਕਾਂ ਸਿਰਫ਼ ਦਿਖਾਵੇ ਮਾਤਰ ਲਈ ਡਰਾਇੰਗ ਰੂਮ ਦੀ ਸ਼ੋਭਾ ਬਣਦੀਆਂ ਹਨ ਅਤੇ ਉਹਨਾਂ ਵਿਚਲੇ ਉਚ-ਵਿਚਾਰਾਂ ਦਾ ਘਰਦਿਆਂ ਦੀ ਵਿਹਾਰੀ ਜ਼ਿੰਦਗੀ ਨਾਲ ਕੋਈ ਵਾਸਤਾ ਨਹੀਂ ਤਾਂ ਇਹ ਸਿਰਫ਼ ਫ਼ਜ਼ੂਲ-ਖ਼ਰਚੀ ਅਤੇ ਦਿਖਾਵਾ ਹੀ ਹੈ। 'ਸਾਊਪੁਣੇ' ਲੇਖ ਵਿਚ ਪ੍ਰਿੰ: ਤੇਜਾ ਸਿੰਘ ਲਿਖਦੇ ਹਨ, ਅੱਗੇ ਲੋਕਾਂ ਨੂੰ ਖ਼ਿਆਲ ਹੁੰਦਾ ਸੀ ਕਿ ਹਾਏ ਸਾਡਾ ਨੱਕ ਨਹੀਂ ਰਹਿੰਦਾ। ਹੁਣ ਉਸ ਦੀ ਥਾਂ

ਪਦਵੀ ਦੇ ਦਿਖਾਵੇ ਨੇ ਮੱਲ ਲਈ ਹੈ। ਸਾਡੇ ਸਮਾਜ ਦਾ ਹਰੇਕ ਵਰਗ ਦਿਖਾਵੇ ਦਾ ਸ਼ਿਕਾਰ ਹੈ। ਅਮੀਰਾਂ ਦੀ ਦੇਖਾ ਦੇਖੀ ਮੱਧ ਵਰਗੀ ਘਰ ਵੀ ਦਿਖਾਵੇ ਦੀ ਮਾਰ ਹੇਠ ਆ ਰਹੇ ਹਨ। ਅੱਜ ਸਾਡੇ ਭਾਈਚਾਰਕ ਅਤੇ ਸਮਾਜਿਕ ਜੀਵਨ ਦਾ ਸਭ ਤੋਂ ਵੱਡਾ ਦੁਖਾਂਤ ਇਹ ਹੈ ਸਾਡਾ ਘਰੋਗੀ ਖ਼ਰਚ ਸਾਡੀਆਂ ਰੁਚੀਆਂ ਨਾਲ ਮੇਲ ਨਹੀਂ ਖਾਂਦਾ। ਆਪਣੀਆਂ ਲੋੜ ਦੀਆਂ ਚੀਜ਼ਾਂ ਵਸਤਾਂ ਖ਼ਰੀਦਣ ਦੀ ਬਜਾਏ ਅਸੀਂ ਗਵਾਂਢੀਆਂ ਦੀ ਨਕਲ ਕਰਕੇ ਘਰ ਭਰਨ ਲੱਗੇ ਹੋਏ ਹਾਂ। ਥੋੜ੍ਹੀ ਜਿਹੀ ਸੂਝ ਬੂਝ ਤੋਂ ਕੰਮ ਲਈਏ ਤਾਂ ਸਾਡੇ ਬਹੁਤੇ ਖ਼ਰਚੇ ਘਟ ਸਕਦੇ ਹਨ। ਮਿਸਾਲ ਵਜੋਂ ਇਕ ਨੌਕਰੀ-ਪੇਸ਼ਾ ਸਵਾਣੀ ਲਈ ਤਾਂ ਨੌਕਰ ਰੱਖਣਾ ਜ਼ਰੂਰਤ ਹੋ ਸਕਦੀ ਹੈ ਪਰ ਜੇ ਨਿਰੋਲ ਘਰ ਰਹਿਣ ਵਾਲੀ ਗ੍ਰਿਹਸਥਣ ਸਿਰਫ ਗਵਾਂਢਣ ਦੀ ਦੇਖਾ ਦੇਖੀ ਨਿਰੀਪੁਰੀ ਸ਼ਾਨ ਖ਼ਾਤਰ ਹੀ ਨੌਕਰ ਰੱਖੀ ਬੈਠੀ ਹੈ ਤਾਂ ਗੱਲ ਜਚਦੀ ਨਹੀਂ। ਅਤਿ ਦੀ ਮਹਿੰਗਾਈ ਦੇ ਇਸ ਜ਼ਮਾਨੇ ਵਿਚ ਸਾਨੂੰ ਪੈਸੇ ਨਾਲ ਮਖ਼ੌਲ ਨਹੀਂ ਕਰਨਾ ਚਾਹੀਦਾ। ਦਿਖਾਵਾ ਅਤੇ ਸੁਖ-ਸ਼ਾਂਤੀ ਦੋ ਵਿਰੋਧੀ ਸੰਕਲਪ ਹਨ। ਘਰ ਦੀ ਕਲਪਨਾ ਤਾਂ ਅਕਸਰ 'ਸੁਖ-ਰਹਿਣੇ' ਆਤਮਿਕ ਹੁਲਾਰ ਬਖ਼ਸ਼ਣ ਵਾਲੇ ਥਾਂ ਦੇ ਰੂਪ ਵਿਚ ਕੀਤੀ ਜਾਂਦੀ ਹੈ। 'ਜੋ ਸੁੱਖ ਛੱਜੂ ਦੇ ਚੁਬਾਰੇ ਨਾ ਉਹ ਬਲਖ ਨਾ ਬੁਖਾਰੇ' ਦੇ ਅਖਾਣ ਅਨੁਸਾਰ ਜੇ ਅਸੀਂ ਆਪਣਾ ਘਰੇਲੂ ਜੀਵਨ ਸੁੱਖਾਂ ਲੱਧਾ ਬਣਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਦਿਖਾਵੇ ਦੇ ਜੀਵਨ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ। ਪੈਸੇ ਅਤੇ ਸਮੇਂ ਦੀ ਬੱਚਤ ਤਾਂ ਹੋਵੇਗੀ ਹੀ ਨਾਲ ਹੀ ਸਾਨੂੰ ਘਰੋਗੀ ਜੀਵਨ 'ਚ ਸੱਚਾ ਸੁੱਖ ਵੀ ਮਿਲੇਗਾ ਜੋ ਸਾਡੀ ਸ਼ਖ਼ਸੀਅਤ ਨੂੰ ਵੱਖਰਾ ਨਿਖਾਰ ਬਖ਼ਸ਼ ਸਕਦਾ ਹੈ।

(ਪੰਜਾਬੀ ਟ੍ਰਿਬਿਊਨ 25-5-88 'ਚੋਂ ਧੰਨਵਾਦ ਸਹਿਤ)

ਈਰਾਨ ਦੇਸ਼ ਵਿਚ ਸ਼ੇਖ ਸਾਅਦੀ ਨਾਮ ਦਾ ਇਕ ਸੰਸਾਰ-ਪ੍ਰਸਿੱਧ ਵਿਦਵਾਨ ਹੋਇਆ ਹੈ। ਉਸ ਨੇ ਲਿਖਿਆ ਸੀ ਕਿ "ਕਿਸ਼ਤੀ ਢਿੱਡ ਦੇ ਬੋਝ ਨਾਲ ਡੁੱਬਦੀ ਹੁੰਦੀ ਹੈ।" ਇਹਨਾਂ ਸ਼ਬਦਾਂ ਤੋਂ ਉਸ ਦਾ ਭਾਵ ਇਹ ਸੀ ਕਿ ਜਦ ਬੰਦਾ ਆਪਣੇ ਖ਼ਰਚਾਂ ਨੂੰ ਵਧਾ ਲੈਂਦਾ ਹੈ ਤਾਂ ਉਸ ਨੂੰ ਉਹਨਾਂ ਖ਼ਰਚਾਂ ਨੂੰ ਪੂਰਿਆਂ ਕਰਨ ਲਈ ਬੇਈਮਾਨੀ ਵੀ ਕਰਨੀ ਪੈ ਸਕਦੀ ਹੈ। ਇਹੋ ਜਿਹੀਆਂ ਉਸ ਦੀਆਂ ਫ਼ਜ਼ੂਲ ਖ਼ਰਚੀਆਂ ਨੂੰ ਦੇਖ

ਕੇ ਹੋਰ ਬੰਦੇ ਵੀ ਖ਼ਰਚ ਵਧਾ ਕੇ ਡੁੱਬਣ ਦੇ ਰਸਤੇ 'ਤੇ ਤੁਰ ਪੈਂਦੇ ਹਨ। ਖ਼ਰਚ ਵਧਾਉਣ ਵਾਲੇ ਬੰਦੇ ਨੂੰ ਪੁੰਨ ਦਾਨ ਵੱਲ ਵੀ ਪਿੱਠ ਫੇਰਨੀ ਪੈਂਦੀ ਹੈ। ਦੇਵਤਾ ਸਰੂਪ ਭਾਈ ਪਰਮਾਨੰਦ ਜੀ ਨੇ ਜਿਸ ਸਮੇਂ ਐਮ. ਏ. ਪਾਸ ਕੀਤੀ ਸੀ ਉਸ ਸਮੇਂ ਐਮ. ਏ. ਪਾਸ ਕਰਨ ਵਾਲੇ ਬੰਦਿਆਂ ਨੂੰ ਵੱਡੀਆਂ ਵੱਡੀਆਂ ਸਰਕਾਰੀ ਨੌਕਰੀਆਂ ਮਿਲਦੀਆਂ ਹੁੰਦੀਆਂ ਸਨ। ਪਰ ਉਹਨਾਂ ਨੇ ਦੇਸ਼ ਸੇਵਾ ਲਈ ਨੌਕਰੀ ਨਾ ਕੀਤੀ। ਉਹ ਲਾਹੌਰ ਸ਼ਹਿਰ ਵਿਚ ਰਹਿੰਦੇ ਸਨ, ਜਿਹੜਾ ੧੯੪੭ ਦੀ ਦੇਸ਼ ਦੀ ਵੰਡ ਤੋਂ ਪਹਿਲਾਂ ਸਾਂਝੇ ਪੰਜਾਬ ਦੀ ਰਾਜਧਾਨੀ ਦਾ ਸ਼ਹਿਰ ਸੀ। ਉਹਨਾਂ ਦਾ ਮਕਾਨ ਬਹੁਤ ਛੋਟਾ ਸੀ। ਉਹ ਭਾਰਤ ਦੇ ਹਿੰਦੂ ਕੌਮ ਦੇ ਆਗੂਆਂ ਵਿਚੋਂ ਸਿਰਕੱਢ ਆਗੂ ਸਨ। ਉਹ ਉਨ੍ਹਾਂ ਦਿਨਾਂ ਦੀ ਦੇਸ਼ ਦੀ ਪਾਰਲੀਮੈਂਟ ਦੇ ਮੈਂਬਰ ਸਨ। ਜਿਸ ਚੁਬਾਰੇ ਵਿਚ ਉਹ ਸਾਰਾ ਦਿਨ ਬੈਠਦੇ ਹੁੰਦੇ ਸਨ ਉਹ ਇਤਨਾ ਛੋਟਾ ਸੀ ਕਿ ਉਸ ਵਿਚ ਇਕ ਮੰਜਾ ਹੀ ਡਹਿ ਸਕਦਾ ਸੀ, ਉਸ ਵਿਚ ਕੋਈ ਕੁਰਸੀ ਮੇਜ਼ ਨਹੀਂ ਸੀ। ਉਹ ਭੁੰਜੇ ਬੈਠਦੇ ਹੁੰਦੇ ਸਨ, ਉਹਨਾਂ ਦੇ ਖਾਣੇ ਵਿਚ ਦਾਲ ਜਾਂ ਸਬਜ਼ੀ, ਇਕ ਕੌਲੀ ਵਿਚ ਹੁੰਦੀ ਸੀ, ਦੂਜੀ ਕੌਲੀ ਨਹੀਂ ਹੁੰਦੀ ਸੀ। ਸਰੀਰ ਦੇ ਕੱਪੜੇ ਇਕ ਕੁੜਤਾ ਅਤੇ ਇਕ ਧੋਤੀ ਦੋ ਹੁੰਦੇ ਸਨ। ਪੈਰਾਂ ਵਿਚ ਜੁੱਤੀ ਹੁੰਦੀ ਸੀ ਜੁਰਾਬਾਂ ਨਹੀਂ ਪਹਿਨਦੇ ਸਨ। ਉਸ ਸ਼ਹਿਰ ਵਿਚ ਦੂਰ ਦੂਰ ਦੇ ਥਾਵਾਂ ਨੂੰ ਜਾਂਦੇ ਹੋਏ ਸਦਾ ਪੈਦਲ ਤੁਰਦੇ ਹੁੰਦੇ ਸਨ, ਉਹਨਾਂ ਦੀ ਧੀ ਦੀ ਸ਼ਾਦੀ ਦੀ ਰਸਮ ਪੂਰੀ ਕਰਨ ਲਈ ਇਕ ਕਿਲੋਮੀਟਰ ਦੂਰੀ ਵਾਲੇ ਮੰਦਰ ਨੂੰ ਉਹਨਾਂ ਦੇ ਘਰ ਦੇ ਸਾਰੇ ਜੀਅ ਪੈਦਲ ਹੀ ਤੁਰ ਕੇ ਗਏ ਸਨ। ਉਹਨਾਂ ਦੀ ਧੀ ਦੀ ਸ਼ਾਦੀ ਸਮੇਂ ਧੀ ਲਈ ਕੋਈ ਮਹਿੰਗਾ ਕੱਪੜਾ ਨਹੀਂ ਬਣਵਾਇਆ ਸੀ। ਰੋਜ਼ ਵਾਲੇ ਕੱਪੜਿਆਂ ਨਾਲ ਹੀ ਧੀ ਨੇ ਫੇਰੇ ਲਏ ਸਨ। ਮਿਠਿਆਈ ਜਾਂ ਪੂੜੀ ਕੜਾਹ ਕੋਈ ਚੀਜ਼ ਨਹੀਂ ਸੀ ਨਾ ਹੀ ਖ਼ਰੀਦੀ ਗਈ ਸੀ। ਉਹਨਾਂ ਦੇ ਹਫਤਾਵਾਰ ਅਖ਼ਬਾਰ 'ਹਿੰਦੂ' ਦੇ ਮੈਨੇਜਰ ਹੰਸਰਾਜ ਨੇ ਵਿਆਹ ਦੇ ਵੇਲੇ ਤੇਰਾਂ ਆਨੇ ਅਰਥਾਤ ਅੱਸੀ ਨਵੇਂ ਪੈਸੇ ਖ਼ਰਚ ਕਰਕੇ ਮਿੱਠਾ ਪਾਣੀ ਬਣਾ ਕੇ ਲੈ ਆਂਦਾ। ਭਾਈ ਜੀ ਉਸ ਨੂੰ ਗੁੱਸੇ ਹੋਏ ਤੇ ਕਹਿਣ ਲੱਗੇ ਕਿ ਤੂੰ ਤੇਰਾਂ ਆਨੇ ਖ਼ਰਚ ਕਰਕੇ ਮਿੱਠਾ ਪਾਣੀ ਕਿਉਂ ਬਣਵਾਇਆ ਹੈ, ਕਿ ਇਕ ਕਿਲੋਮੀਟਰ ਪੈਦਲ ਤੁਰਨ

ਨਾਲ ਸਾਨੂੰ ਪਿਆਸ ਲੱਗ ਗਈ ਹੈ ? ਭਾਈ ਜੀ ਦੇ ਘਰ ਕੋਈ ਨੌਕਰ ਨਹੀਂ ਸੀ। ਘਰ ਦਾ ਸਾਰਾ ਕੰਮ ਭਾਈ ਜੀ ਦੀ ਪਤਨੀ ਆਪ ਹੀ ਕਰਦੀ ਹੁੰਦੀ ਸੀ। ਵਿਹਲੇ ਵੇਲੇ ਉਹ ਚਰਖਾ ਕੱਤਦੀ ਹੁੰਦੀ ਸੀ, ਉਸ ਦੇ ਕੱਤੇ ਹੋਏ ਸੂਤਰ ਦੇ ਬਣੇ ਖੱਦਰ ਦਾ ਕੁੜਤਾ ਹੀ ਭਾਈ ਜੀ ਪਹਿਨਿਆਂ ਕਰਦੇ ਸਨ। ਭਾਈ ਜੀ ਨੇ ਮੈਨੂੰ ਦੱਸਿਆ ਕਿ ਜੇ ਕਿਤੇ ਮੈਨੂੰ ਰੇਲਵੇ ਸਟੇਸ਼ਨ ਤੋਂ ਕਿਸੇ ਵੇਲੇ ਘਰ ਨੂੰ ਟਾਂਗੇ 'ਤੇ ਆਉਣਾ ਪੈ ਜਾਵੇ ਤਾਂ ਮੈਂ ਸਾਲਮ ਟਾਂਗਾ ਕਦੇ ਨਹੀਂ ਲਿਆ। ਰੇਲਵੇ ਸਟੇਸ਼ਨ ਤੋਂ ਲਾਹੌਰੀ ਦਰਵਾਜ਼ੇ ਤੱਕ ਟਾਂਗੇ ਸਵਾਰੀਆਂ ਲੈ ਕੇ ਆਉਂਦੇ ਹਨ ਤੇ ਮੈਂ ਉਨ੍ਹਾਂ ਸਵਾਰੀਆਂ ਵਿਚ ਇਕ ਸਵਾਰੀ ਦੇ ਤੌਰ ਤੇ ਬੈਠ ਕੇ ਇਕ ਆਨਾ (ਛੇ ਨਵੇਂ ਪੈਸੇ) ਕਿਰਾਇਆ ਦੇ ਕੇ ਆਉਂਦਾ ਹਾਂ। ਲਾਹੌਰੀ ਦਰਵਾਜ਼ੇ ਤੋਂ ਅਗਾਂਹ ਘਰ ਤੱਕ ਆਉਣ ਨੂੰ ਮੈਨੂੰ ਇਕ ਕਿਲੋਮੀਟਰ ਪੈਦਲ ਤੁਰ ਕੇ ਆਉਣਾ ਪੈਂਦਾ ਹੈ। ਭਾਈ ਪਰਮਾਨੰਦ ਨੇ ਲਿਖਿਆ ਸੀ ਕਿ ਸਿੱਖ ਗੁਰੂ ਸਾਹਿਬਾਨ ਨੇ ਭਾਰਤ ਦੇ ਇਤਿਹਾਸ ਵਿਚ ਇਹ ਕਰਾਮਾਤ ਕਰਕੇ ਦਿਖਾਈ ਹੈ ਕਿ ਕਾਬਲ ਵਾਲੇ ਪਾਸੇ ਤੋਂ ਗ਼ੈਰ ਮੁਲਕੀ ਹਮਲਾਵਰਾਂ ਦਾ ਜਿਹੜਾ ਦਰਿਆ ਭਾਰਤ ਵਾਲੇ ਪਾਸੇ ਨੂੰ ਕਈ ਸੌ ਸਾਲ ਵਗਦਾ ਰਿਹਾ ਸੀ ਉਸ ਦਰਿਆ ਦੇ ਰੁੱਖ ਨੂੰ ਉਨ੍ਹਾਂ ਨੇ ਉਲਟਾ ਕਾਬਲ ਵਾਲੇ ਪਾਸੇ ਨੂੰ ਮੋੜ ਦਿੱਤਾ ਸੀ ਤੇ ਕਾਬਲ ਦੀ ਸਰਹੱਦ ਦੇ ਸ਼ਹਿਰਾਂ ਗਿਲਗਿਤ ਤੇ ਜਮਰੌਦ ਉਤੇ ਖਾਲਸਈ ਝੰਡੇ ਲਹਿਰਾ ਦਿਤੇ ਸਨ। ਭਾਈ ਜੀ ਮਤੀ ਦਾਸ ਛਿੱਬਰ ਦੀ ਕੁਲ ਵਿਚੋਂ ਸਨ।

—ਭਗਤ ਪੂਰਨ ਸਿੰਘ ਪਿੰਗਲਵਾੜਾ ਅੰਮ੍ਰਿਤਸਰ।

ਕਾਲਾ ਧਨ : ਕਰੂਪ ਸੱਚਾਈ ਦਾ ਵਿਕਰਾਲ ਰੂਪ

—ਪ੍ਰੀਤਮ ਸਿੰਘ

"ਧਨ ਸੰਬੰਧੀ ਸਦਾਚਾਰ ਦਾ ਮਹੱਤਵ ਨਿਰਾ-ਪੁਰਾ ਪਾਖੰਡੀਆਂ ਦੀ ਵਾਧੂ ਦੀ ਚਵੜ ਚਵੜ ਵਿਚ ਹੀ ਹੈ। ਅਸੀਂ ਸਾਰੇ ਜੋ ਰਾਜਨੀਤੀ ਦੇ ਖੇਤਰ ਵਿਚ ਹਾਂ ਧਨ ਬਟੋਰ ਰਹੇ ਹਾਂ, ਜਿਹੜਾ ਕਿ ਕਾਲਾ ਧਨ ਹੁੰਦਾ ਹੈ।" —ਸ੍ਰੀ ਚੰਦਰ ਸ਼ੇਖਰ

ਸ੍ਰੀ ਚੰਦਰ ਸ਼ੇਖਰ ਦੀ ਸਾਫ਼ਗੋਈ ਦੀ ਦਾਦ ਦੇਣੀ ਪੈਂਦੀ ਹੈ ਕਿਉਂਕਿ ਭਾਰਤ ਵਿਚ ਭਾਵੇਂ ਰਾਜਨੀਤੀ ਤੇ ਕਾਲੇ ਧਨ ਦੀ ਕਾਫ਼ੀ ਸਮੇਂ ਤੋਂ ਚੋਲੀ ਦਾਮਨ ਦਾ ਸਾਥ ਬਣ ਚੁੱਕਿਆ ਹੈ ਪਰ ਹਰ ਰਾਜਸੀ ਆਗੂ ਇਸ ਹਕੀਕਤ ਤੋਂ ਅੱਖਾਂ ਚੁਰਾਉਣਾ ਹੀ ਠੀਕ ਸਮਝਦਾ ਹੈ। ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਹਰ ਇਕ ਖ਼ਜ਼ਾਨਾ-ਮੰਤਰੀ ਵਲੋਂ ਸਮੇਂ ਸਮੇਂ ਬੜੇ ਢੋਲ ਢਮੱਕੇ ਨਾਲ ਇਹ ਐਲਾਨ ਕੀਤਾ ਜਾਂਦਾ ਹੈ ਕਿ ਕਾਲੇ ਧਨ ਦੀ ਸਮੱਸਿਆ ਨੂੰ ਪੂਰੀ ਸਖ਼ਤੀ ਨਾਲ ਕੁਚਲ ਦਿੱਤਾ ਜਾਵੇਗਾ ਪਰ ਰਹਿੰਦਾ ਪਰਨਾਲਾ ਉਥੇ ਦਾ ਉਥੇ ਹੀ ਹੈ। ਸੱਚ ਤਾਂ ਇਹ ਹੈ ਕਿ ਸਮੇਂ ਦੇ ਲਾਂਘੇ ਨਾਲ ਇਸ ਸਮੱਸਿਆ ਨੇ ਵਿਕਰਾਲ ਰੂਪ ਧਾਰਨ ਕਰ ਲਿਆ ਹੈ ਅਤੇ ਮਾਮਲਾ ਇਥੇ ਪੁੱਜ ਗਿਆ ਹੈ ਕਿ ਕਾਲਾ ਧਨ ਹੁਣ ਇਕ ਸੁਤੰਤਰ ਸਮਾਨ-ਅੰਤਰ ਆਰਥਿਕਤਾ ਹੋ ਨਿਬੜੀ ਹੈ। 1971 ਵਿਚ ਉਦੋਂ ਦੇ ਖ਼ਜ਼ਾਨਾ-ਮੰਤਰੀ ਸ੍ਰੀ ਚਵਾਨ ਨੇ ਵੀ ਪਾਰਲੀਮੈਂਟ ਵਿਚ ਆਪਣੇ ਇਕ ਬਿਆਨ ਵਿਚ ਇਸ ਕਰੂਪ ਸੱਚਾਈ ਦਾ ਬੜੇ ਸਪੱਸ਼ਟ ਸ਼ਬਦਾਂ ਵਿਚ ਇਕਬਾਲ ਕੀਤਾ ਸੀ।

ਘਾਟੇ ਦਾ ਬੱਜਟ

ਕਾਲੇ ਧਨ ਨੂੰ 'ਦੋ ਨੰਬਰ' ਦਾ ਪੈਸਾ ਵੀ ਕਹਿੰਦੇ ਹਨ ਕਿਉਂਕਿ ਟੈਕਸਾਂ ਦੀ ਚੋਰੀ ਕਰਨ ਵਾਲੇ ਧਨਾਢ ਆਮਦਨ ਟੈਕਸ ਦੇਣ ਲਈ ਹੋਰ ਖਾਤਾ ਤਿਆਰ ਕਰਵਾਉਂਦੇ ਹਨ ਅਤੇ ਅਸਲ ਆਮਦਨ ਦੇ ਖਾਤੇ ਦਾ ਹਿਸਾਬ ਕਿਤਾਬ ਵੱਖਰਾ ਰੱਖਦੇ ਹਨ ਜਿਸ ਨੂੰ 'ਦੋ ਨੰਬਰ ਦਾ

ਖਾਤਾ' ਕਿਹਾ ਜਾਂਦਾ ਹੈ। ਕਾਲਾ ਧਨ, ਆਮਦਨ ਟੈਕਸ ਦੀ ਚੋਰੀ, ਉਤਪਾਦਨ ਟੈਕਸ ਵਿਚ ਹੇਰਾ ਫੇਰੀ, ਸਮੱਗਲਿੰਗ, ਰਿਸ਼ਵਤ ਖੋਰੀ, ਬਲੈਕ ਮਾਰਕੀਟ ਆਦਿ ਤੋਂ ਜਨਮ ਲੈਂਦਾ ਹੈ; ਕਿਉਂਕਿ ਇਸ ਧਨ; ਦੀ ਪੈਦਾਇਸ਼ ਲਾ-ਕਾਨੂੰਨੀ ਦੇ ਸੰਘਣੇ ਹਨੇਰੇ ਵਿਚ ਹੁੰਦੀ ਹੈ ਇਸ ਲਈ ਇਸ ਦਾ ਸੌ ਫੀ ਸਦੀ ਸਹੀ ਆਕਾਰ ਆਖਣਾ ਬਹੁਤ ਮੁਸ਼ਕਲ ਹੈ। ਪਰ ਫੇਰ ਵੀ ਅੰਕੜਾ-ਵਿਗਿਆਨੀਆਂ ਨੇ ਅਜਿਹੀਆਂ ਵਿਧੀਆਂ ਈਜਾਦ ਕੀਤੀਆਂ ਹਨ ਜਿਨ੍ਹਾਂ ਨਾਲ ਕਾਫੀ ਭਰੋਸੇ ਯੋਗ ਅਨੁਮਾਨ ਲਗਾਇਆ ਜਾ ਸਕਦਾ ਹੈ। ਇਹ ਵਿਧੀਆਂ ਕਾਫੀ ਪੇਚੀਦਾ ਅਤੇ ਮੁਸ਼ਕਲ ਹਨ। ਇਸ ਲਈ ਇਨ੍ਹਾਂ ਦੀ ਤਫਸੀਲ ਵਿਚ ਜਾਣ ਦੀ ਇਥੇ ਨਾ ਗੁੰਜਾਇਸ਼ ਹੈ ਅਤੇ ਨਾ ਹੀ ਕੋਈ ਲਾਭ। ਜੇ 1950-51 ਨੂੰ ਆਧਾਰ ਸਾਲ ਮੰਨ ਲਈਏ ਤਾਂ ਇਕ ਅਨੁਮਾਨ ਅਨੁਸਾਰ 1952-53 ਵਿਚ ਕਾਲੇ ਧਨ ਦੀ ਚਲਨ 416 ਕਰੋੜ ਰੁਪਏ ਸੀ। 1959-60 ਵਿਚ ਇਹ 829 ਕਰੋੜ ਰੁਪਏ ਹੋ ਗਿਆ ਅਤੇ 1970-71 ਵਿਚ 4500 ਕਰੋੜ ਰੁਪਏ, ਅੰਤਰ-ਰਾਸ਼ਟਰੀ ਮੁਦਰਾ ਕੋਸ਼ ਦੇ ਇਕ ਸਰਵੇਖਣ ਅਨੁਸਾਰ 1982-83 ਵਿਚ ਇਹ 72,000 ਕਰੋੜ ਰੁਪਏ ਹੋ ਗਿਆ। ਪਰ ਪ੍ਰਸਿੱਧ ਅਰਥ-ਸ਼ਾਸਤਰੀ ਮੈਲਕਮ ਆਦਿਸ਼ੇਸ਼ੈਯਾ ਅਨੁਸਾਰ 1982-83 ਵਿਚ ਇਹ 59,000 ਕਰੋੜ ਰੁਪਏ ਸੀ। ਖ਼ਿਆਲ ਕੀਤਾ ਜਾਂਦਾ ਹੈ ਕਿ ਹੁਣ ਭਾਰਤ ਦੇ ਆਰਥਿਕ ਢਾਂਚੇ ਵਿਚ 80,000 ਕਰੋੜ ਰੁਪਏ ਦੇ ਕਾਲੇ ਧਨ ਦਾ ਚਲਨ ਹੈ।

ਭਾਰਤ ਵਿਚ ਬਹੁਤ ਲੰਮੇ ਸਮੇਂ ਤੋਂ ਕੇਂਦਰੀ ਖ਼ਾਜ਼ਾਨਾ-ਮੰਤਰੀ ਹਰ ਸਾਲ ਘਾਟੇ ਦਾ ਬਜਟ ਪੇਸ਼ ਕਰਦਾ ਹੈ। ਵਿਕਾਸ ਦੇ ਕੰਮਾਂ ਲਈ ਧਨ ਦੀ ਲੋੜ ਹੁੰਦੀ ਹੈ। ਟੈਕਸਾਂ ਰਾਹੀਂ ਜਦੋਂ ਲੋੜੀਂਦੀ ਧਨ ਰਾਸ਼ੀ ਉਪਲੱਬਧ ਨਹੀਂ ਹੁੰਦੀ ਤਾਂ ਇਸ ਖੱਪੇ ਨੂੰ ਨੋਟ ਛਾਪ ਕੇ ਭਰਿਆ ਜਾਂਦਾ ਹੈ। ਇਸ ਨਾਲ ਮੁਦਰਾ ਦੇ ਫੈਲਾਓ ਵਿਚ ਵਾਧਾ ਹੁੰਦਾ ਹੈ ਜਿਸ ਨਾਲ ਕੀਮਤਾਂ ਵਧਦੀਆਂ ਹਨ ਅਤੇ ਰੁਪਏ ਦੀ ਖ਼ਰੀਦ ਸ਼ਕਤੀ ਘਟਦੀ ਹੈ। ਮੁਦਰਾ ਫੈਲਾਓ ਵਿਚ ਕਿੰਨਾ ਕੁ ਵਾਧਾ ਹੋਇਆ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਇਸ ਵੇਲੇ ਰੁਪਏ ਦੀ ਕੀਮਤ ਘਟ ਕੇ 11 ਪੈਸੇ ਰਹਿ ਗਈ ਹੈ। 1990-91 ਦੇ ਬਜਟ ਵਿਚ

ਲੱਗਭੱਗ 13,000 ਕਰੋੜ ਰੁਪਏ ਦਾ ਘਾਟਾ ਸੀ। ਖਾੜੀ ਦਾ ਸੰਕਟ ਪੈਦਾ ਹੋਣ ਨਾਲ ਪੈਟਰੋਲ ਦੀਆਂ ਕੀਮਤਾਂ ਵਧ ਗਈਆਂ ਹਨ। ਭਾਰਤ ਨੂੰ ਆਪਣੀ ਲੋੜ ਪੂਰਤੀ ਲਈ 40 ਫੀ ਸਦੀ ਤੇਲ ਵਿਦੇਸ਼ਾਂ ਤੋਂ ਬਰਾਮਦ ਕਰਨਾ ਪੈਂਦਾ ਹੈ। ਇਸ ਲਈ ਅਨੁਮਾਨ ਹੈ ਕਿ ਇਸ ਸਾਲ ਬੱਜਟ ਵਿਚ 14000 ਕਰੋੜ ਰੁਪਏ ਤੋਂ ਵੱਧ ਦਾ ਘਾਟਾ ਹੋਵੇਗਾ ਜਿਸ ਨਾਲ ਸਿੱਕੇ ਦਾ ਫੈਲਾਓ ਹੋਰ ਵੀ ਵਧੇਗਾ। ਰੁਪਏ ਦੀ ਖ਼ਰੀਦ਼ਸ਼ਕਤੀ ਹੋਰ ਘਟੇਗੀ ਅਤੇ ਕੀਮਤਾਂ ਹੋਰ ਵਧਣਗੀਆਂ। ਮਹਿੰਗਾਈ ਨਾਲ ਲੋਕਾਂ ਦਾ ਕਚੂਮਰ ਨਿਕਲ ਜਾਏਗਾ। ਜੇ ਕਿਸੇ ਤਰ੍ਹਾਂ 80,000 ਕਰੋੜ ਰੁਪਏ ਦੇ ਕਾਲੇ ਧਨ ਦਾ 50 ਫੀ ਸਦੀ ਅਰਥਾਤ 40,000 ਰੁਪਏ ਵੀ ਉਪਲੱਬਧ ਹੋ ਜਾਣ ਤਾਂ ਅਗਲੇ ਪੰਜ ਸਾਲਾਂ ਵਿਚ ਕੇਂਦਰੀ ਖ਼ਜ਼ਾਨਾ-ਮੰਤਰੀ ਸੰਤੁਲਿਤ ਬੱਜਟ ਪੇਸ਼ ਕਰਕੇ ਸਿੱਕੇ ਦੇ ਫੈਲਾਓ ਦੀ ਸਮੱਸਿਆ ਤੋਂ ਕਾਫੀ ਹੱਦ ਤਕ ਛੁਟਕਾਰਾ ਪਾ ਸਕਦਾ ਹੈ। ਇਸ ਨਾਲ ਕੀਮਤਾਂ ਵਿਚ ਵਾਧਾ ਰੁਕ ਸਕਦਾ ਹੈ। ਵਿਕਾਸ ਦੀ ਦਰ ਤੇਜ਼ ਹੋ ਸਕਦੀ ਹੈ। ਦਿਨੋਂ ਦਿਨ ਵਧ ਰਹੀ ਬੇਕਾਰੀ ਨੂੰ ਠੱਲ੍ਹ ਪੈ ਸਕਦੀ ਹੈ ਅਤੇ ਕਿਸੇ ਹੱਦ ਤਕ ਗ਼ਰੀਬੀ ਦੀ ਕਰੋਪੀ ਘੱਟ ਸਕਦੀ ਹੈ।

ਸੌਖਾ ਢੰਗ

ਇਕ ਪਾਸੇ ਲੋਕ ਗ਼ਰੀਬੀ ਦੀ ਚੱਕੀ ਵਿਚ ਪਿਸ ਰਹੇ ਹਨ ਪਰ ਦੂਜੇ ਪਾਸੇ ਕੁਝ ਲੋਕ ਧਨ ਦੇ ਆਸਰੇ ਪੰਜ ਸਤਾਰਾ ਹੋਟਲਾਂ ਵਿਚ ਐਸ਼ ਕਰਦੇ, ਪੰਜ ਸਤਾਰਾ ਸਭਿਆਚਾਰ ਦੀ ਪੁਸ਼ਤ ਪਨਾਹੀ ਕਰਦੇ ਹਨ। ਮਾਰੂਤੀ 1000, ਜੋ ਨਵੇਂ ਮਾਡਲ ਦੀ ਮਾਰੂਤੀ ਕਾਰ ਹੈ, ਦੀ ਕੀਮਤ 3.50 ਲੱਖ ਰੁਪਏ ਹੈ। ਇਹ ਕਾਰ ਜਦੋਂ ਅਜੇ ਬਣ ਕੇ ਮਾਰਕੀਟ ਵਿਚ ਨਹੀਂ ਸੀ ਆਈ ਤਾਂ ਇਸ ਦੀ ਅਗਾਊਂ ਬੁਕਿੰਗ 25 ਲੱਖ ਤੋਂ ਵੱਧ ਦੀ ਸੀ। ਇਕ ਫ਼ਿਲਮ ਵਿਚ ਕੰਮ ਕਰਨ ਦਾ ਇਵਜ਼ਾਨਾ ਚੰਗੇ ਐਕਟਰ, ਐਕਟਰਸਾਂ 20 ਲੱਖ ਰੁਪਏ ਤੋਂ ਲੈ ਕੇ 50 ਲੱਖ ਰੁਪਏ ਤਕ ਲੈਂਦੇ ਹਨ ਜਿਸ ਵਿਚੋਂ ਅੱਧਾ 'ਵਾਈਟ ਮਨੀ' ਅਤੇ ਅੱਧਾ 'ਬਲੈਕ ਮਨੀ' ਹੁੰਦਾ ਹੈ। ਇਸ ਬਲੈਕ ਮਨੀ ਦੀ ਕੋਈ ਲਿਖਤ ਪੜ੍ਹਤ ਨਹੀਂ ਹੁੰਦੀ। ਸੰਸਾਰ ਪ੍ਰਸਿੱਧ ਅਰਥ-ਸ਼ਾਸਤਰੀ ਪ੍ਰੋ: ਗਾਲਬਰੈਥੀ ਨੇ ਇਕ ਵਾਰ ਵਿਅੰਗ ਕਰਦਿਆਂ ਕਿਹਾ ਸੀ ਕਿ ਭਾਰਤ ਕੋਈ ਗ਼ਰੀਬ ਦੇਸ਼ ਨਹੀਂ ਕਿਉਂਕਿ

ਜਿਹੜਾ ਦੇਸ਼ ਆਪਣੇ ਐਕਟਰਾਂ, ਐਕਟਰਸਾਂ, ਗਾਉਣ ਵਾਲਿਆਂ ਜਾਂ ਫਿਲਮੀ ਸਨਅਤ ਨਾਲ ਸੰਬੰਧਤ ਅਣ-ਉਪਜਾਊ ਕਿੱਤਿਆਂ ਵਿਚ ਰੁੱਝੇ ਹੋਇਆਂ ਨੂੰ ਬੇਓੜਕ ਇਵਜ਼ਾਨਾ ਦੇ ਸਕਦਾ ਹੈ, ਉਹ ਦੇਸ਼ ਗ਼ਰੀਬ ਕਿਵੇਂ ਕਿਹਾ ਜਾ ਸਕਦਾ ਹੈ।

ਰਿਆਇਤਾਂ

ਵਿਕਸਤ ਦੇਸ਼ਾਂ ਵਿਚ ਕਾਲੇ ਧਨ ਦੀ ਸਮੱਸਿਆ ਨਾ-ਮਾਤਰ ਹੁੰਦੀ ਹੈ ਕਿਉਂਕਿ ਉਨ੍ਹਾਂ ਦੇਸ਼ਾਂ ਵਿਚ ਨਾ ਤਾਂ ਟੈਕਸ ਚੋਰੀ ਸੰਭਵ ਹੀ ਹੈ, ਨਾ ਲੋਕਾਂ ਵਿਚ ਇਸ ਦਾ ਰਿਵਾਜ ਹੀ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਵਿਕਸਤ ਦੇਸ਼ਾਂ ਵਿਚ ਕੌਮੀ ਆਮਦਨ ਦਾ ਮੁੱਖ ਸੋਮਾ ਉਦਯੋਗ ਹਨ। ਉਦਯੋਗਸ਼ੀਲ ਦੇਸ਼ਾਂ ਵਿਚ ਦਸਾਂ ਵਿਚੋਂ ਨੌਂ ਵਿਅਕਤੀ ਤਨਖ਼ਾਹ-ਦਾਰ ਮੁਲਾਜ਼ਮ ਹੁੰਦੇ ਹਨ। ਤਨਖ਼ਾਹਦਾਰ ਮੁਲਾਜ਼ਮ ਲਈ ਆਪਣੀ ਆਮਦਨ ਛੁਪਾਉਣਾ ਕਿਸੇ ਤਰ੍ਹਾਂ ਸੰਭਵ ਨਹੀਂ। ਪਰ ਭਾਰਤ ਵਿਚ ਕੌਮੀ ਆਮਦਨ ਦਾ ਮੁੱਖ ਸੋਮਾ ਕ੍ਰਿਸ਼ੀ ਹੈ। ਜ਼ਰਾਇਤੀ ਖੇਤਰ ਨੂੰ ਆਮਦਨ ਟੈਕਸ ਤੋਂ ਛੋਟ ਹੈ। ਖੇਤੀਬਾੜੀ ਤੋਂ ਇਲਾਵਾ ਆਮਦਨ ਦਾ ਸੋਮਾ ਹੈ ਵਾਪਾਰ, ਛੋਟੇ ਵੱਡੇ ਉਦਯੋਗ, ਸਵੈ-ਰੋਜ਼ਗਾਰ ਦੇ ਧੰਦਿਆਂ ਵਿਚ ਲੱਗੇ ਹੋਏ ਲੋਕ। ਪੇਸ਼ਾਵਰ ਲੋਕ ਭਾਵ ਵਕੀਲ, ਡਾਕਟਰ ਆਦਿ ਉਪਰੋਕਿਤ ਵਰਗ ਦੇ ਲੋਕਾਂ ਦੀ ਆਮਦਨ ਦਾ ਅੰਦਾਜ਼ਾ ਲਾਉਣਾ ਮੁਸ਼ਕਿਲ ਹੋ ਜਾਂਦਾ ਹੈ, ਇਸ ਲਈ ਇਹ ਲੋਕ ਬੜੀ ਆਸਾਨੀ ਨਾਲ ਟੈਕਸ ਘਸਾਈ ਕਰ ਸਕਦੇ ਹਨ, ਕਿਉਂਕਿ ਖੇਤੀਬਾੜੀ ਟੈਕਸ ਤੋਂ ਮੁਕਤ ਹੈ, ਇਸ ਲਈ ਕੁਝ ਛੋਟੇ ਤੇ ਲਘੂ ਉਦਯੋਗਪਤੀਆਂ, ਚੰਗੀ ਆਮ-ਦਨ ਕਮਾਉਣ ਵਾਲੇ ਵਾਪਾਰੀਆਂ ਅਤੇ ਪੇਸ਼ਾਵਰ ਲੋਕਾਂ ਨੇ ਟੈਕਸ ਚੋਰੀ ਦਾ ਇਕ ਹੋਰ ਬਹੁਤ ਸੌਖਾ ਢੰਗ ਲੱਭ ਲਿਆ ਹੈ। ਇਹ ਲੋਕ 'ਮਾਡਰਨ ਫਾਰਮ' ਬਣਾ ਲੈਂਦੇ ਹਨ ਅਤੇ ਆਪਣੀ ਫਾਲਤੂ ਆਮਦਨ ਮਾਡਰਨ ਫਾਰਮ ਤੋਂ ਪੈਦਾ ਹੋਈ ਦਿਖਾ ਕੇ ਟੈਕਸ ਤੋਂ ਬਚ ਜਾਂਦੇ ਹਨ। ਹੁਣ ਤਕ ਕਾਲੇ ਧਨ ਨਾਲ ਨਜਿੱਠਣ ਲਈ ਸਰਕਾਰ ਨੇ ਦੋ ਤਰ੍ਹਾਂ ਦੇ ਉਪਾਅ ਕੀਤੇ ਹਨ। ਪਹਿਲਾ ਇਹ ਕਿ ਕਾਲੇ ਧਨ ਦੇ ਮਾਲਕਾਂ ਨੂੰ ਕਈ ਤਰ੍ਹਾਂ ਦੀਆਂ ਰਿਆਇਤਾਂ ਦੇ ਕੇ ਇਸ ਧਨ ਨੂੰ ਬਾਹਰ ਕਢਵਾਇਆ ਜਾਵੇ। ਕਈ ਵਾਰੀ ਇਹ ਐਲਾਨ ਕੀਤਾ ਜਾਂਦਾ ਹੈ ਕਿ ਜਿਹੜਾ ਵਿਅਕਤੀ ਆਪਣੇ

ਆਪ ਅਜਿਹੇ ਧਨ ਦਾ ਵੇਰਵਾ ਕਿਸੇ ਵਿਸ਼ੇਸ਼ ਮਿਥੀ ਹੋਈ ਮਿਤੀ ਤਕ ਦੇ ਦੇਵੇਗਾ, ਸਰਕਾਰ ਉਸ ਵਿਰੁੱਧ ਕੋਈ ਦੰਡਾਤਮਕ ਕਾਰਵਾਈ ਨਹੀਂ ਕਰੇਗੀ। ਇਸ ਸਕੀਮ ਅਧੀਨ 1947 ਵਿਚ 43 ਕਰੋੜ ਰੁਪਏ ਅਤੇ 1951 ਵਿਚ 70 ਕਰੋੜ ਰੁਪਏ ਪ੍ਰਾਪਤ ਹੋਏ। ਸਵੈ-ਇੱਛਕ ਇੰਕਸਾਫ ਦੀਆਂ 19658 ਸਕੀਮਾਂ 1975 ਅਤੇ 1981 ਵਿਚ ਐਲਾਨੀਆਂ ਗਈਆਂ। ਇਨ੍ਹਾਂ ਸਕੀਮਾਂ ਤੋਂ ਇਲਾਵਾ ਨਾਲ ਲੱਗਦੀ ਸਕੀਮ ਹੈ ਦਸਤੀ ਬੌਂਡ ਦੀ। ਸਰਕਾਰ ਇਹ ਬੌਂਡ ਜਾਰੀ ਕਰਦੀ ਰਹਿੰਦੀ ਹੈ। ਲੋਕ ਕਾਲੇ ਧਨ ਨਾਲ ਇਹ ਬੌਂਡ ਖ਼ਰੀਦ ਲੈਂਦੇ ਹਨ। ਇਸ ਤਰ੍ਹਾਂ ਮਿਥੇ ਸਮੇਂ ਲਈ ਇਹ ਪੈਸਾ ਸਰਕਾਰ ਨੂੰ ਮਿਲ ਜਾਂਦਾ ਹੈ ਅਤੇ ਮਿਆਦ ਪੁੱਗਣ ਤੇ ਬੌਂਡ ਦਾ ਮਾਲਕ ਸੂਦ ਸਮੇਤ ਮੂਲ ਸਰਕਾਰ ਪਾਸੋਂ ਵਸੂਲ ਕਰ ਲੈਂਦਾ ਹੈ। ਨਾ ਬੌਂਡ ਖ਼ਰੀਦਣ ਸਮੇਂ ਅਤੇ ਨਾ ਬੌਂਡ ਭਨਾਉਣ ਵੇਲੇ ਕੋਈ ਪੁੱਛ ਪੜਤਾਲ ਹੁੰਦੀ ਹੈ। ਇਸ ਵੇਲੇ ਵੀ ਅਜਿਹੀਆਂ ਦੋ ਸਕੀਮਾਂ ਅਰਥਾਤ ਇੰਦਰਾ ਵਿਕਾਸ-ਪੱਤਰ ਤੇ ਕਿਸਾਨ ਵਿਕਾਸ-ਪੱਤਰ ਚਾਲੂ ਹਨ।

ਇੰਦਰਾ ਵਿਕਾਸ-ਪੱਤਰ ਲਈ ਲਾਈ ਹੋਈ ਰਕਮ ਪੰਜ ਸਾਲਾਂ ਵਿਚ ਦੁੱਗਣੀ ਹੋ ਜਾਂਦੀ ਹੈ। ਇਸ ਤਰ੍ਹਾਂ ਇਸ ਸਕੀਮ ਵਿਚ ਲਗਾਏ ਹੋਏ ਧਨ ਉਤੇ ਵਿਆਜ ਦੀ ਦਰ ਲੱਗਭੱਗ 15 ਫੀਸਦੀ ਬੈਠਦੀ ਹੈ। ਕਾਲੇ ਧਨ ਦੇ ਮਾਲਕਾਂ ਨੂੰ ਵੱਡੀ ਰਿਆਇਤ ਦਿੱਤੀ ਗਈ ਹੈ ਪਰ ਇਸ ਰਿਆਇਤ ਦੇ ਬਾਵਜੂਦ ਸਰਕਾਰ ਦੇ ਪੱਲੇ ਕੁਝ ਬਹੁਤਾ ਨਹੀਂ ਪੈਂਦਾ। 1971 ਵਿਚ ਸਰਕਾਰ ਨੇ ਇਕ ਡਾਇਰੈਕਟਰ ਟੈਕਸਜ ਇਨਕੁਆਇਰੀ ਕਮੇਟੀ ਨਿਯੁਕਤ ਕੀਤੀ ਸੀ, ਜਿਸ ਦੇ ਮੁਖੀ ਸੁਪਰੀਮ ਕੋਰਟ ਦੇ ਜੱਜ ਜਸਟਿਸ ਕੈਲਾਸ਼ ਨਾਥ ਵਾਚੂ ਸਨ। ਇਸ ਕਮੇਟੀ ਨੇ ਕਾਲੇ ਧਨ ਅਤੇ ਇਸ ਨਾਲ ਨਜਿੱਠਣ ਵਾਲੀਆਂ ਸਾਰੀਆਂ ਸਕੀਮਾਂ ਦਾ ਜਾਇਜ਼ਾ ਲਿਆ ਸੀ। ਵਾਚੂ ਕਮੇਟੀ ਨੇ ਇਨ੍ਹਾਂ ਸਕੀਮਾਂ 'ਤੇ ਟਿੱਪਣੀ ਕਰਦਿਆਂ ਇਹ ਸਰਵੇਖਣ ਕੀਤਾ ਸੀ ਕਿ 'ਇਹ ਸਕੀਮਾਂ ਬਹੁਤੇ ਮਾਮਲਿਆਂ ਵਿਚ ਥੋੜ੍ਹਾ ਜਿਹਾ ਵਿਵੇਕ ਧਨ ਦੇ ਕੇ ਬਲੈਕ ਮਨੀ ਨੂੰ ਮੁੜ ਘਿੜ ਕੇ ਵਾਈਟ ਮਨੀ ਵਿਚ ਤਬਦੀਲ ਕਰਨ ਦੀਆਂ ਹੀ ਸਕੀਮਾਂ ਹਨ।' ਵਾਚੂ ਕਮੇਟੀ ਦੀ ਰਾਏ ਇਨ੍ਹਾਂ ਸਕੀਮਾਂ ਦੇ ਚਾਲੂ ਕਰਨ ਦੇ ਵਿਰੁੱਧ ਸੀ। ਪਰ ਫਿਰ

ਵੀ ਸਰਕਾਰ ਇਨ੍ਹਾਂ ਸਕੀਮਾਂ ਨੂੰ ਜਾਰੀ ਰੱਖ ਕੇ ਕਾਲੇ ਧਨ ਦੇ ਮਾਲਕਾਂ ਪ੍ਰਤੀ ਨਰਮ-ਦਿਲੀ ਦਿਖਾ ਰਹੀ ਹੈ।

ਘਿਓ ਖਿੱਚੜੀ

ਦੂਸਰੀ ਕੋਸ਼ਿਸ਼ ਇਹ ਹੈ ਕਿ ਕਾਲੇ ਧਨ ਨੂੰ ਬਾਹਰ ਕਢਵਾਉਣ ਲਈ ਸਰਕਾਰ ਸਮੇਂ ਸਮੇਂ ਨਵੇਂ ਕਾਨੂੰਨ ਪਾਸ ਕਰਕੇ ਕਾਨੂੰਨ ਨੂੰ ਹੋਰ ਕਰੜਾ ਕਰਦੀ ਰਹਿੰਦੀ ਹੈ। 1914 ਤੋਂ 1971 ਦੌਰਾਨ ਸਰਕਾਰ ਨੇ ਟੈਕਸ ਕਾਰਜ ਪ੍ਰਣਾਲੀ ਨੂੰ ਹੋਰ ਵਧੀਆ ਬਣਾਉਣ ਲਈ 20 ਕਾਨੂੰਨ ਪਾਸ ਕੀਤੇ। ਇਸੇ ਤਰ੍ਹਾਂ 1984 ਦੇ ਫਾਇਨੈਂਸ ਐਕਟ ਵਿਚ ਟੈਕਸ ਦੀ ਚੋਰੀ ਨੂੰ ਰੋਕਣ ਲਈ 8 ਸੁਝਾਉ ਪੇਸ਼ ਕੀਤੇ ਗਏ। ਵੈਸੇ ਜਿਥੋਂ ਤਕ ਕਾਨੂੰਨ ਕਾਫੀ ਸਖ਼ਤ ਹੈ ਆਮਦਨ ਟੈਕਸ ਉਗਰਾਹੁਣ ਵਾਲੇ ਅਮਲੇ ਪਾਸ ਛਾਪੇ ਮਾਰਨ, ਟੈਕਸਾਂ ਦੀ ਚੋਰੀ ਨਾਲ ਸੰਬੰਧਤ ਸਮੱਗਰੀ ਨੂੰ ਕਬਜ਼ੇ ਵਿਚ ਲੈਣ ਅਤੇ ਜ਼ਬਤ ਕਰਨ, ਭਾਰੀ ਜੁਰਮਾਨੇ ਕਰਨ ਅਤੇ ਮੁਕੱਦਮੇ ਚਲਾਉਣ ਦਾ ਅਧਿਕਾਰੀ ਹੈ। ਜੇ ਕਾਲਾ ਧਨ ਦੀ ਸਮੱਸਿਆ ਬੇਕਾਬੂ ਹੋ ਰਹੀ ਹੈ ਤਾਂ ਇਹ ਕਾਨੂੰਨੀ ਅਖ਼ਤਿਆਰਾਂ ਦੀ ਅਣਹੋਂਦ ਕਰਕੇ ਨਹੀਂ ਸਗੋਂ ਕਾਨੂੰਨ ਲਾਗੂ ਕਰਨ ਦੀ ਲੋੜੀਂਦੀ ਰਾਜਸੀ ਇੱਛਾ ਸ਼ਕਤੀ ਦੀ ਥੁੜ੍ਹ ਕਾਰਨ ਹੈ। ਜਿਵੇਂ ਪਹਿਲਾਂ ਸੰਕੇਤ ਦਿੱਤਾ ਗਿਆ ਹੈ ਕਿ ਟੈਕਸ ਚੋਰ ਅਤੇ ਰਾਜਸੀ ਸ਼ਕਤੀਆਂ ਇਸ ਵੇਲੇ ਘਿਉ ਖਿੱਚੜੀ ਹਨ। ਜਦੋਂ ਟੈਕਸ ਚੋਰੀ ਨੂੰ ਰਾਜਸੀ ਨੇਤਾਵਾਂ ਦੀ ਪੁਸ਼ਤ ਪਨਾਹੀ ਪ੍ਰਾਪਤ ਹੈ ਤੇ ਫੇਰ ਕਾਲੇ ਧਨ ਨੂੰ ਕਿਵੇਂ ਨੱਥ ਪਾਈ ਜਾ ਸਕਦੀ ਹੈ। ਸ੍ਰੀ ਜਗਜੀਵਨ ਰਾਮ ਨੇ, ਜਦੋਂ ਉਹ ਕੇਂਦਰੀ ਮੰਤਰੀ ਸਨ ਆਪਣੀ ਆਮਦਨ ਦੇ ਦਸ ਸਾਲ ਗੋਸ਼ਵਾਰੇ ਦਾਖ਼ਲ ਨਾ ਕੀਤੇ, ਪਰ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਾ ਹੋਈ ਹਾਲਾਂ ਕਿ ਇਹ ਬੱਜਟ ਅਪਰਾਧ ਸੀ। ਸ੍ਰੀ ਸੰਜੇ ਗਾਂਧੀ ਦੀ ਸੱਸ ਅਮਿਤੇਸਵ ਨੰਦ ਵਿਰੁੱਧ ਕਸਟਮ ਨਾ ਦੇਣ ਦਾ ਮਾਮਲਾ ਸੀ। ਉਸ ਵਿਰੁੱਧ ਕਾਰਵਾਈ ਕਰਨ ਦੀ ਥਾਂ ਜਿਨ੍ਹਾਂ ਅਧਿਕਾਰੀਆਂ ਨੇ ਪੜਤਾਲ ਕੀਤੀ ਸੀ ਉਨ੍ਹਾਂ ਦੀ ਖੁੰਬ ਠੱਪੀ ਗਈ। ਹੁਣ ਚੰਦਰਾਸਵਾਮੀ ਵਿਰੁੱਧ ਵਿਦੇਸ਼ੀ ਮੁਦਰਾ ਕਾਨੂੰਨ ਦੀ ਉਲੰਘਣਾ ਦੇ ਕਈ ਮਾਮਲੇ ਦਰਜ ਹਨ। ਸ੍ਰੀ ਚੰਦਰ ਸ਼ੇਖਰ, ਪ੍ਰਧਾਨ-ਮੰਤਰੀ ਨੇ

ਬੜੇ ਸਪੱਸ਼ਟ ਸ਼ਬਦਾਂ ਵਿਚ ਐਲਾਨ ਕੀਤਾ ਹੈ, ਚੰਦਰਾਸਵਾਮੀ ਮੇਰਾ ਹੁਣ ਦਾ ਦੋਸਤ ਨਹੀਂ ਸਗੋਂ ਇੰਦਰਾ ਗਾਂਧੀ ਦੇ ਰਾਜ ਸਮੇਂ ਤੋਂ ਹੈ। ਇਸ ਤੱਥ ਦੀ ਰੌਸ਼ਨੀ ਵਿਚ ਕਿਹੜਾ ਮਾਈ ਦਾ ਲਾਲ ਉਸ ਵਿਰੁੱਧ ਕਾਰਵਾਈ ਕਰੇਗਾ। ਸ੍ਰੀ ਚੰਦਰ ਸ਼ੇਖਰ ਦੇ ਪ੍ਰਧਾਨ-ਮੰਤਰੀ ਬਣਨ ਤੋਂ ਪਹਿਲਾਂ ਚੰਦਰਾਸਵਾਮੀ ਵਿਰੁੱਧ ਜੋ ਮਾਮਲੇ ਦਰਜ ਸਨ, ਉਨ੍ਹਾਂ ਦੀ ਪੜਤਾਲ ਚੱਲ ਰਹੀ ਸੀ। ਚੰਦਰ ਸ਼ੇਖਰ ਦੇ ਪ੍ਰਧਾਨ-ਮੰਤਰੀ ਬਣਨ ਉਪਰ ਟੀ. ਜਾਰਜ ਜੋਜ਼ਫ ਡਾਇਰੈਕਟਰ ਇਨਫੋਰਸਮੈਂਟ, ਜੋ ਚੰਦਰਾ-ਸਵਾਮੀ ਦੇ ਮਾਮਲਿਆਂ ਦੀ ਪੜਤਾਲ ਕਰ ਰਿਹਾ ਸੀ, ਦਾ ਤਬਾਦਲਾ ਕਰ ਦਿੱਤਾ ਗਿਆ ਹੈ। ਉਸ ਨੂੰ ਆਪਣਾ ਅਹੁਦਾ ਤੁਰੰਤ ਛੱਡਣ ਦਾ ਆਦੇਸ਼ ਦਿੱਤਾ ਗਿਆ ਹੈ ਅਤੇ ਅਗਲੀ ਨਿਯੁਕਤੀ ਉਡੀਕਣ ਲਈ ਕਿਹਾ ਗਿਆ ਹੈ। ਇਸੇ ਤਰ੍ਹਾਂ ਹੋਰ ਕਈ ਅਫ਼ਸਰਾਂ 'ਤੇ ਨਜ਼ਲਾ ਗਿਰਿਆ ਹੈ। ਕਈ ਲੋਕਾਂ ਦਾ ਵਿਚਾਰ ਹੈ ਕਿ ਟੈਕਸ ਚੋਰੀ ਇਸ ਕਰਕੇ ਵਧੀ ਹੈ ਕਿ ਟੈਕਸਾਂ ਦੀ ਦਰ ਬਹੁਤ ਉੱਚੀ ਹੈ। ਪਰ ਤੱਥ ਇਸ ਦੀ ਸ਼ਾਹਦੀ ਨਹੀਂ ਭਰਦੇ । 1975-76 ਵਿਚ ਟੈਕਸਾਂ ਦੀ ਦਰ 97.5 ਫੀਸਦੀ ਸੀ। 1975-76 ਵਿਚ ਟੈਕਸਾਂ ਦੀ ਵਸੂਲੀ ਤੋਂ 1214 ਕਰੋੜ ਰੁਪਏ ਪ੍ਰਾਪਤ ਹੋਏ ਸਨ ਜਦੋਂ 1976-77, 1977-78, 1979-80 ਵਿਚ ਇਹ ਵਸੂਲੀ 1214 ਕਰੋੜ ਰੁਪਏ ਤੋਂ ਹਰ ਸਾਲ ਘਟਦੀ ਗਈ ਅਤੇ ਇਨ੍ਹਾਂ ਤਿੰਨਾਂ ਸਾਲਾਂ ਵਿਚ ਟੈਕਸ ਚੋਰੀ ਅਤੇ ਟੈਕਸ ਨਾ ਦੇਣ ਦੀ ਬੀਮਾਰੀ ਬਹੁਤ ਵਧ ਗਈ। 1975-76 'ਚ ਟੈਕਸਾਂ ਤੋਂ ਆਮਦਨ ਇਸ ਕਰਕੇ ਜ਼ਿਆਦਾ ਹੋਈ ਸੀ ਕਿਉਂਕਿ ਦੇਸ਼ ਵਿਚ ਐਮਰਜੈਂਸੀ ਲੱਗੀ ਹੋਈ ਸੀ। ਚਾਰ ਚੁਫੇਰੇ ਅਨੁਸ਼ਾਸਨ ਅਤੇ ਆਤੰਕ ਦਾ ਦੌਰ ਦੌਰਾ ਸੀ। ਜਦੋਂ ਸ੍ਰੀ ਵੀ.ਪੀ. ਸਿੰਘ, ਰਾਜੀਵ ਗਾਂਧੀ ਮੰਤਰੀ-ਮੰਡਲ ਵਿਚ ਵਿੱਤ-ਮੰਤਰੀ ਸਨ ਤਾਂ ਉਦੋਂ ਉਨ੍ਹਾਂ ਨੇ ਟੈਕਸ ਚੋਰਾਂ ਵਿਰੁੱਧ ਕਾਫ਼ੀ ਜੋਸ਼ ਨਾਲ ਕਾਰ-ਵਾਈ ਕੀਤੀ ਸੀ। ਵੱਡੇ ਵੱਡੇ ਉਦਯੋਗਪਤੀ ਜਿਵੇਂ ਕਿਰਲੋਸਕਰ, ਥਾਪਰ ਅਤੇ ਟਾਟਾ ਉਨ੍ਹਾਂ ਦੀ ਜ਼ੱਦ ਵਿਚ ਆ ਗਏ ਸਨ। ਉਨ੍ਹਾਂ ਦੇ ਰਾਜ ਵਿਚ 500 ਕਰੋੜ ਰੁਪਏ ਟੈਕਸ ਚੋਰੀ ਤੋਂ ਬਰਾਮਦ ਹੋ ਗਏ। ਪਰ ਅਜਿਹੀ ਸ਼ਕਤੀ ਵਿਰਲੀ ਹੀ ਹੁੰਦੀ ਹੈ।

ਬੇਬਾਕੀ

ਇਸ ਵਿਚ ਕੋਈ ਸ਼ੱਕ ਨਹੀਂ ਕਿ ਟੈਕਸ ਚੋਰੀ ਨੂੰ ਰੋਕਣ ਲਈ ਟੈਕਸਾਂ ਦੇ ਢਾਂਚੇ ਨੂੰ ਵਧੇਰੇ ਤਰਕਸ਼ੀਲ ਬਣਾਉਣ ਦੀ ਲੋੜ ਹੈ। ਕੋਟਾ ਪਰਮਿਟ ਲਾਇਸੈਂਸ ਰਾਜ ਨੂੰ ਛੇਤੀ ਛੇਤੀ ਖ਼ਤਮ ਕਰ ਦੇਣਾ ਚਾਹੀਦਾ ਹੈ। ਟੈਕਸਾਂ ਦੀ ਵਸੂਲੀ ਕਰਨ ਵਾਲੇ ਅਮਲੇ ਨੂੰ ਵਧੇਰੇ ਤਜ਼ਰਬੇਕਾਰ ਬਣਾਉਣ ਦੀ ਲੋੜ ਹੈ। ਪਰ ਇਹ ਸਭ ਕੁਝ ਕਾਲੇ ਧਨ ਦੀ ਸਮੱਸਿਆ 'ਤੇ ਕਾਬੂ ਪਾਉਣ ਲਈ ਕਾਫ਼ੀ ਨਹੀਂ। ਸ੍ਰੀ ਚੰਦਰ ਸ਼ੇਖਰ ਨੇ ਬੜੀ ਬੇਬਾਕੀ ਨਾਲ ਸਵੀਕਾਰ ਕੀਤਾ ਹੈ ਕਿ ਸਭ ਰਾਜਸੀ ਨੇਤਾ ਅਤੇ ਪਾਰਟੀਆਂ ਕਾਲਾ ਧਨ ਬਟੋਰ ਰਹੀਆਂ ਹਨ। ਚੋਣਾਂ ਵਿਚ ਬੇਹਿਸਾਬਾ ਧਨ ਖ਼ਰਚ ਹੁੰਦਾ ਹੈ ਜਿਸ ਦਾ ਸੋਮਾ ਕਾਲਾ ਧਨ ਹੈ। ਇਸ ਲਈ ਚੋਣਾਂ ਦੇ ਕਾਨੂੰਨ ਵਿਚ ਸੁਧਾਰ ਕਰਕੇ ਚੋਣਾਂ ਲਈ ਧਨ ਸਰਕਾਰ ਵਲੋਂ ਉਪਲੱਬਧ ਕਰਨ ਦੀ ਤਜਵੀਜ਼ ਵੀ ਵਿਚਾਰ ਗੋਚਰੇ ਹੈ। ਸ੍ਰੀ ਯਸ਼ਵੰਤ ਸਿਨਹਾ, ਕੇਂਦਰੀ ਵਿਤ-ਮੰਤਰੀ ਨੇ 10 ਸਤੰਬਰ 1990 ਨੂੰ ਦੂਰ-ਦਰਸ਼ਨ 'ਤੇ ਇਕ ਭੇਂਟ ਵਾਰਤਾ ਵਿਚ ਐਲਾਨ ਕੀਤਾ ਕਿ ਕਾਲੇ ਧਨ ਦੀ ਸਮੱਸਿਆ ਨਾਲ ਨਜਿੱਠਣ ਲਈ ਉਹ ਛੇਤੀ ਹੀ ਲੋੜੀਂਦੇ ਉਪਰਾਲੇ ਕਰਨਗੇ ਪਰ ਅਸਲ ਸਮੱਸਿਆ ਕਾਲੇ ਧਨ ਅਤੇ ਰਾਜਨੀਤੀ 'ਚ ਮਿਲੀ ਭੁਗਤ ਨੂੰ ਖ਼ਤਮ ਕਰਨ ਦੀ ਹੈ। ਜਿੰਨਾ ਚਿਰ ਤਕ ਇਹ ਗਠਜੋੜ ਖ਼ਤਮ ਨਹੀਂ ਹੁੰਦਾ ਭਾਵੇਂ ਕਿੰਨੇ ਹੋਰ ਨਵੇਂ ਕਾਨੂੰਨ ਬਣ ਜਾਣ, ਕਿੰਨੇ ਸਖ਼ਤੀ ਨਾਲ ਪੇਸ਼ ਆਉਣ ਦੇ ਦਾਅਵੇ ਕੀਤੇ ਜਾਣ, ਸਭ ਬੇਕਾਰ ਹਨ। ਪ੍ਰਸਿੱਧ ਕਾਨੂੰਨਦਾਨ ਪਾਲਕੀ ਵਾਲਾ ਅਨੁਸਾਰ, "ਸੰਵਿਧਾਨਕ ਸਦਾਚਾਰ ਸੰਵਿਧਾਨਕ ਨਿਯਮਕਤਾ ਤੋਂ ਘੱਟ ਜ਼ਰੂਰੀ ਨਹੀਂ। ਧਰਮ ਰਾਜਸੀ ਲੋਕਾਂ ਦੇ ਹਿਰਦਿਆਂ ਵਿਚ ਜਿਉਂਦਾ ਹੈ। ਜਦੋਂ ਇਹ ਉਨ੍ਹਾਂ ਦੇ ਦਿਲਾਂ ਵਿਚੋਂ ਮਰ ਜਾਂਦਾ ਹੈ ਤਾਂ ਨਾ ਕੋਈ ਸੰਵਿਧਾਨ, ਨਾ ਕੋਈ ਕਾਨੂੰਨ, ਨਾ ਕਾਨੂੰਨ ਵਿਚ ਕੋਈ ਤਰਮੀਮ ਸਾਨੂੰ ਬਚਾ ਸਕਦੀ ਹੈ।"

ਪੇਸ਼ਕਸ਼

ਅੰਤਿਮ ਟੋਟਕਾ—ਸ੍ਰੀ ਭਾਗਯਾ ਗੋਵਰਧਨ, ਜੋ ਇਸ ਵੇਲੇ ਕੇਂਦਰੀ ਮੰਤਰੀ-ਮੰਡਲ ਵਿਚ ਮਾਨਵ ਵਿਕਾਸ ਰਾਜ-ਮੰਤਰੀ ਸਨ, ਨੇ ਮੰਤਰੀ

ਬਣਨ ਤੋਂ ਪਹਿਲਾਂ ਇਹ ਇੰਕਸਾਫ਼ ਕੀਤਾ ਸੀ ਕਿ ਉਨ੍ਹਾਂ ਨੂੰ ਧੜਾ ਬਦਲਣ ਲਈ 50 ਲੱਖ ਰੁਪਏ ਅਤੇ ਵਜ਼ਾਰਤ ਦੀ ਪੇਸ਼ਕਸ਼ ਕੀਤੀ ਗਈ ਹੈ। ਹੁਣ ਮੰਤਰੀ ਬਣਨ ਤੋਂ ਬਾਅਦ ਉਨ੍ਹਾਂ ਨੇ ਇਹ ਭੇਦ ਖੋਲ੍ਹਿਆ ਕਿ ਜਨਤਾ ਦਲ ਦੇ ਜਿਹੜੇ ਲੋਕ ਸਭਾ ਦੇ ਮੈਂਬਰ ਨਵੇਂ ਧੜੇ ਵਿਚ ਹਨ, ਉਨ੍ਹਾਂ ਵਿਚੋਂ ਜਿਨ੍ਹਾਂ ਨੇ 50 ਲੱਖ ਰੁਪਏ ਲੈਣੇ ਪ੍ਰਵਾਨ ਕਰ ਲਏ ਉਹ ਨਿਰੇ ਪੁਰੇ ਲੋਕ ਸਭਾ ਦੇ ਮੈਂਬਰ ਰਹਿ ਗਏ, ਜਦੋਂ ਕਿ ਬਾਕੀਆਂ ਨੂੰ ਵਜ਼ਾਰਤ ਵਿਚ ਸ਼ਾਮਲ ਕਰ ਲਿਆ ਗਿਆ। ਹੁਣ ਅਸੀਂ ਜੇ ਹੋਰ ਕੁਝ ਨਹੀਂ ਕਰ ਸਕਦੇ ਤਾਂ ਗ਼ਾਲਿਬ ਦਾ ਇਹ ਸ਼ੇਅਰ ਜ਼ਰੂਰ ਗੁਣ ਗੁਣਾ ਸਕਦੇ ਹਾਂ, "ਸ਼ਰਮ ਤੁਮ ਕੋ ਮਗਰ ਨਹੀਂ ਆਤੀ।"

(ਪੰਜਾਬੀ ਟ੍ਰਿਬਿਊਨ 13-1-91 ਵਿਚੋਂ ਧੰਨਵਾਦ ਸਹਿਤ)

ਭਗਤ ਪੂਰਨ ਸਿੰਘ ਜੀ ਦੇ ਉਪਦੇਸ਼

*ਕੁਦਰਤੀ ਸੋਮਿਆਂ ਦੀ ਰੱਖਿਆ ਕਰੋ।

*ਸਾਦਾ ਜੀਵਨ ਬਤੀਤ ਕਰੋ।

*ਵੱਧ ਤੋਂ ਵੱਧ ਰੁੱਖ ਲਗਾ ਕੇ ਮਨੁੱਖਤਾ ਦਾ ਭਲਾ ਕਰੋ।

*ਖਾਦੀ ਦਾ ਕੱਪੜਾ ਪਹਿਨ ਕੇ ਬੇ-ਰੁਜ਼ਗਾਰੀ ਨੂੰ ਘਟਾਉਣ ਵਿਚ ਮਦਦ ਕਰੋ।

*ਸਾਦਾ ਖਾਣਾ, ਸਾਦਾ ਪਾਉਣਾ ਤੇ ਸਾਦਗੀ ਵਿਚ ਰਹਿਣ ਦਾ ਅਨੰਦ ਹੀ ਵੱਖਰਾ ਹੈ।

*ਡੀਜ਼ਲ ਤੇ ਪੈਟਰੋਲ ਦੀ ਘੱਟ ਤੋਂ ਘੱਟ ਵਰਤੋਂ ਕਰੋ ਤੇ ਵਧ ਰਹੀ ਆਬਾਦੀ ਨੂੰ ਠੱਲ੍ਹ ਪਾਉਣ ਲਈ ਸੰਜਮ-ਮਈ ਜੀਵਨ ਬਤੀਤ ਕਰੋ।

*ਰੋ ਰਹੇ ਹਵਾ, ਪਾਣੀ ਅਤੇ ਧਰਤੀ ਮਾਤਾ ਦੀ ਪੁਕਾਰ ਸੁਣੋ। ਰੁੱਖ ਲਾਉਣੇ ਨਾ ਭੁੱਲੋ, ਰੁੱਖ ਦੇਸ਼ ਦੀ ਖ਼ੁਸ਼ਹਾਲੀ ਦਾ ਆਧਾਰ ਹਨ।

*ਬਰਸਾਤ ਦੇ ਮੌਸਮ ਵਿਚ ਹਰ ਇਕ ਪ੍ਰਾਣੀ ਘੱਟੋ ਘੱਟ ਇਕ ਰੁੱਖ ਜ਼ਰੂਰ ਲਗਾ ਕੇ ਮਾਨਵਤਾ ਦਾ ਭਲਾ ਕਰੇ।

*ਜਾਨਵਰਾਂ ਦੀ ਰੱਖਿਆ ਲਈ ਮਨੁੱਖ ਨੂੰ ਆਪਣੇ ਅੰਦਰ ਦਇਆਮਈ ਭਾਵਨਾ ਰੱਖਦਿਆਂ ਵੱਧ ਤੋਂ ਵੱਧ ਉਪਰਾਲੇ ਕਰਨੇ ਚਾਹੀਦੇ ਹਨ। —ਭਗਤ ਪੂਰਨ ਸਿੰਘ

ਦੁਨੀਆਂ 'ਚ ਰੋਜ਼ਾਨਾ ਚਾਲੀ ਹਜ਼ਾਰ ਬੱਚੇ ਮਰਦੇ ਹਨ

ਬਾਲ-ਵਿਕਾਸ ਨੂੰ ਪਹਿਲ ਦੇਣ ਦੇ ਉਦੇਸ਼ ਨਾਲ ਵਿਸ਼ਵ ਪੱਧਰ ਉੱਤੇ ਯਤਨ ਕੀਤੇ ਜਾ ਰਹੇ ਹਨ। ਵਿਭਿੰਨ ਪ੍ਰਕਾਰ ਦੀਆਂ ਬਾਲ-ਵਿਕਾਸ ਯੋਜਨਾਵਾਂ ਲਾਗੂ ਕਰਕੇ ਉਹਨਾਂ ਦਾ ਲਾਭ ਬੱਚਿਆਂ ਤੱਕ ਪਹੁੰਚਾਉਣ ਦੇ ਯਤਨ ਕੀਤੇ ਜਾ ਰਹੇ ਹਨ। ਬੱਚਿਆਂ ਲਈ ਸਿੱਖਿਆ, ਸਫ਼ਾਈ, ਭੋਜਨ, ਸਵਾਸਥ ਸਹੂਲਤਾਂ ਪ੍ਰਾਪਤ ਕਰਵਾਉਣ ਅਤੇ ਇਹਨਾਂ ਸਹੂਲਤਾਂ ਦਾ ਲਾਭ ਬੱਚਿਆਂ ਤੱਕ ਪਹੁੰਚਾਉਣ ਲਈ ਕੁਝ ਨੀਤੀਆਂ ਅਪਨਾਈਆਂ ਗਈਆਂ ਹਨ। ਪ੍ਰੰਤੂ ਯੂਨੀਸੈਫ ਦੁਆਰਾ ਪ੍ਰਕਾਸ਼ਿਤ ਵਿਸ਼ਵ ਵਿਚ ਬੱਚਿਆਂ ਦੀ ਮੌਤ ਦਰ ਅੰਕੜੇ ਸਮੂਹ ਬਾਲ-ਵਿਕਾਸ ਯੋਜਨਾਵਾਂ ਨੂੰ ਗ਼ਲਤ ਸਿੱਧ ਕਰਦੇ ਹਨ। ਵਿਸ਼ਵ ਬਾਲ ਸੁਰੱਖਿਆ ਵਿਚ ਭਾਰੀ ਮਾਤਰਾ ਵਿਚ ਧਨ ਖ਼ਰਚ ਕਰਦੇ ਦਾਅਵਿਆਂ ਦੇ ਬਾਵਜੂਦ ਯੂਨੀਸੈਫ ਦੀ ਰਿਪੋਰਟ ਮੁਤਾਬਿਕ ਵਿਸ਼ਵ ਵਿਚ ਹਰ ਰੋਜ਼ ਚਾਲੀ ਹਜ਼ਾਰ ਬੱਚੇ ਮੌਤ ਦੇ ਮੂੰਹ ਜਾਂਦੇ ਹਨ।

ਵਿਸ਼ਵ ਵਿਚ ਬੱਚਿਆਂ ਦੀ ਰੋਜ਼ਾਨਾ ਏਨੀ ਵੱਡੀ ਗਿਣਤੀ ਵਿਚ ਮੌਤ ਹੋਣ ਦਾ ਕਾਰਨ ਗ਼ਰੀਬੀ ਅਤੇ ਅਸੰਤੁਲਿਤ ਆਹਾਰ ਹੈ। ਯੂਨੀਸੈਫ ਦੀ ਰਿਪੋਰਟ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸੰਸਾਰ ਵਿਚ ਵਿਕਸਤ ਦੇਸ਼ਾਂ ਦੇ ਮੁਕਾਬਲੇ ਵਿਕਾਸਸ਼ੀਲ ਦੇਸ਼ਾਂ ਵਿਚ ਬੱਚਿਆਂ ਦੀਆਂ ਮੌਤਾਂ ਦੀ ਗਿਣਤੀ ਕਿਤੇ ਵੱਧ ਹੈ। ਇਸ ਦਾ ਕਾਰਨ ਇਹ ਹੈ ਕਿ ਵਿਕਾਸਸ਼ੀਲ ਦੇਸ਼ਾਂ ਦੀ ਆਰਥਿਕ ਦਸ਼ਾ ਬਹੁਤ ਤਰਸਯੋਗ ਹੈ। ਬੱਚਿਆਂ ਦੀ ਸੁਰੱਖਿਆ ਸੰਬੰਧੀ ਜੋ ਧਨ ਖ਼ਰਚ ਹੋਣਾ ਚਾਹੀਦਾ ਹੈ ਓਨਾ ਧਨ ਖ਼ਰਚ ਕਰਨ ਵਿਚ ਉਹ ਅਸਮਰਥ ਹੁੰਦੇ ਹਨ। ਫਲਸਰੂਪ ਬੱਚਿਆਂ ਨੂੰ ਨਾ ਉਚਿਤ ਸਿੱਖਿਆ ਮਿਲਦੀ ਹੈ ਅਤੇ ਨਾ ਹੀ ਸੰਤੁਲਿਤ ਭੋਜਨ, ਜਿਸ ਦੇ ਕਾਰਨ, ਬੱਚੇ ਭਿੰਨ-ਭਿੰਨ ਪ੍ਰਕਾਰ ਦੀਆਂ ਜਾਨ-ਲੇਵਾ ਬੀਮਾਰੀਆਂ ਨਾਲ ਮੌਤ ਦੇ ਮੂੰਹ ਚਲੇ ਜਾਂਦੇ ਹਨ।

ਇਸ ਸਰਵੇਖਣ ਤੋਂ ਪਤਾ ਲੱਗਦਾ ਹੈ ਕਿ ਭੋਜਨ ਵਿਚ ਪ੍ਰੋਟੀਨ

ਕੈਲੋਰੀ ਦੀ ਘਾਟ ਹੋਣ ਨਾਲ ਬੱਚਿਆਂ ਨੂੰ ਬੀਮਾਰੀਆਂ ਲੱਗਦੀਆਂ ਹਨ। ਇਕ ਤੋਂ ਪੰਜ ਸਾਲ ਤੱਕ ਦੇ ਬੱਚਿਆਂ ਨੂੰ ਹਰ ਰੋਜ਼ ਘੱਟ ਤੋਂ ਘੱਟ 1200 ਕੈਲੋਰੀ ਭੋਜਨ ਲੈਣਾ ਜ਼ਰੂਰੀ ਹੁੰਦਾ ਹੈ ਜਦ ਕਿ ਭਾਰਤ ਵਿਚ ਇਹਨਾਂ ਬੱਚਿਆਂ ਨੂੰ ਹਰ ਰੋਜ਼ ਸਿਰਫ਼ 810 ਕੈਲੋਰੀ ਭੋਜਨ ਹੀ ਮਿਲਦਾ ਹੈ ਜੋ ਕਿ ਬੱਚਿਆਂ ਦੇ ਸਰੀਰਕ ਵਿਕਾਸ ਲਈ ਕਾਫ਼ੀ ਨਹੀਂ। ਯੂਨੀਸੈਫ ਦੁਆਰਾ ਪ੍ਰਕਾਸ਼ਿਤ ਅੰਕੜਿਆਂ ਅਨੁਸਾਰ ਸਾਲ 1985 ਵਿਚ ਰਾਸ਼ਟਰੀ ਬਾਲ ਮੌਤ ਦਰ 97 ਮੌਤਾਂ ਪ੍ਰਤੀ ਹਜ਼ਾਰ ਸੀ। ਉੱਤਰ-ਪ੍ਰਦੇਸ਼ ਵਿਚ ਇਸ ਸਮੇਂ ਬਾਲ ਜਨ-ਸੰਖਿਆ ਪੰਜ ਕਰੋੜ ਤੋਂ ਵੱਧ ਹੈ। ਇੱਥੇ ਹਰ ਸਾਲ 4.5 ਲੱਖ ਬੱਚੇ ਜਨਮ ਲੈਂਦੇ ਹਨ। ਇਕ ਅਨੁਮਾਨ ਅਨੁਸਾਰ ਉੱਤਰ-ਪ੍ਰਦੇਸ਼ ਵਿਚ 8.5 ਲੱਖ ਬੱਚਿਆਂ ਦੀ ਮੌਤ ਪੰਜ ਸਾਲ ਤੋਂ ਘੱਟ ਉਮਰ ਵਿਚ ਹੀ ਹੋ ਜਾਂਦੀ ਹੈ। ਲੱਗਭੱਗ ਸੱਤਾਂ ਵਿਚੋਂ ਇਕ ਬੱਚੇ ਦੀ ਮੌਤ ਪਹਿਲੀ ਵਰ੍ਹੇ ਗੰਢ ਤੋਂ ਪਹਿਲਾਂ ਹੀ ਹੋ ਜਾਂਦੀ ਹੈ। ਸਰਕਾਰੀ ਅੰਕੜਿਆਂ ਮੁਤਾਬਿਕ ਕੇਵਲ ਉੱਤਰ-ਪ੍ਰਦੇਸ਼ ਵਿਚ 95,000 ਬੱਚੇ ਦਸਤ ਅਤੇ ਇਸ ਨਾਲ ਸੰਬੰਧਿਤ ਬੀਮਾਰੀਆਂ ਨਾਲ ਮਰ ਜਾਂਦੇ ਹਨ।

ਬੱਚਿਆਂ ਵਿਚ ਸਰੀਰਕ ਰੋਗ ਅਤੇ ਉਹਨਾਂ ਨਾਲ ਹੋ ਰਹੀਆਂ ਮੌਤਾਂ ਦੇ ਹੋਰ ਵੀ ਬਹੁਤ ਸਾਰੇ ਕਾਰਨ ਹਨ। ਗ਼ਰੀਬ ਪ੍ਰੀਵਾਰਾਂ ਦੇ ਜ਼ਿਆਦਾਤਰ ਬੱਚੇ ਵਿਭਿੰਨ ਕਾਰਖ਼ਾਨਿਆਂ ਵਿਚ ਕੰਮ ਕਰਦੇ ਹਨ। ਉੱਥੇ ਪੈਦਾ ਹੁੰਦਾ ਪ੍ਰਦੂਸ਼ਣ ਇਹਨਾਂ ਬੱਚਿਆਂ ਦੀ ਮੌਤ ਦਾ ਕਾਰਨ ਬਣਦਾ ਹੈ। ਉੱਤਰ-ਪ੍ਰਦੇਸ਼ ਦੇ ਫਿਰੋਜ਼ਾਬਾਦ ਦੇ ਕੱਚ ਦੀਆਂ ਚੂੜੀਆਂ ਦੇ ਕਾਰਖ਼ਾਨੇ ਵਿਚ ਕੰਮ ਕਰ ਰਹੇ 40,000 ਬੱਚਿਆਂ ਦੇ ਉੱਥੋਂ ਦੇ ਖ਼ਤਰਨਾਕ ਰੂਪ ਵਿਚ ਪ੍ਰਦੂਸ਼ਣ ਨਾਲ ਤਿੰਨ ਚਾਰ ਸਾਲਾਂ ਵਿਚ ਹੀ ਫ਼ੇਫ਼ੜੇ ਖ਼ਰਾਬ ਹੋ ਜਾਂਦੇ ਹਨ। ਗ਼ੁਬਾਰਿਆਂ ਦੇ ਕਾਰਖ਼ਾਨਿਆਂ ਵਿਚ ਕੰਮ ਕਰ ਰਹੇ ਬੱਚੇ ਰਸਾਇਣਕ ਗਰਦ ਕਾਰਨ ਨਮੂਨੀਆਂ ਦੇ ਸ਼ਿਕਾਰ ਹੋ ਜਾਂਦੇ ਹਨ। ਮਾਚਸ ਅਤੇ ਪਟਾਕਿਆਂ ਦੇ ਉਦਯੋਗਾਂ ਵਿਚ ਚਾਰ ਤੋਂ ਸੱਤ ਸਾਲ ਦੀ ਉਮਰ ਦੇ ਅੱਠ ਹਜ਼ਾਰ ਕਾਮੇ ਬੱਚਿਆਂ ਵਿਚੋਂ ਜ਼ਿਆਦਾਤਰ ਬੱਚੇ ਜਲ ਕੇ ਮਰ ਜਾਂਦੇ ਹਨ। ਪਾਵਰਲੂਮ 'ਤੇ ਕੰਮ ਕਰ ਰਹੇ 15 ਹਜ਼ਾਰ ਬੱਚੇ ਫ਼ੇਫ਼ੜਿਆਂ ਦੇ ਰੋਗ ਦੇ ਸ਼ਿਕਾਰ ਹੋ ਜਾਂਦੇ ਹਨ।

ਬਹੁਤ ਸਾਰੇ ਬੱਚੇ ਅਜਿਹੀਆਂ ਸਾਧਾਰਣ ਬੀਮਾਰੀਆਂ ਨਾਲ ਪੀੜਤ ਹੋ ਕੇ ਮਰ ਜਾਂਦੇ ਹਨ ਜਿਨ੍ਹਾਂ ਦਾ ਇਲਾਜ ਸੰਭਵ ਹੁੰਦਾ ਹੈ। ਪ੍ਰੰਤੂ ਮਾਂ-ਬਾਪ ਕੋਲ ਇਲਾਜ ਕਰਵਾਉਣ ਲਈ ਪੈਸੇ ਨਹੀਂ ਹੁੰਦੇ। ਸਰੀਰ ਵਿਚ ਪਾਣੀ ਦੀ ਘਾਟ (ਡੀ ਹਾਈਡ੍ਰੇਸ਼ਨ) ਖਸਰਾ, ਕਾਲੀ ਖੰਘ, ਨਮੂਨੀਆਂ, ਟੈਟਨਸ ਵਰਗੀਆਂ ਸਾਧਾਰਣ ਬੀਮਾਰੀਆਂ ਦਾ ਇਲਾਜ ਮੌਜੂਦ ਹੈ। ਇਹਨਾਂ ਬੀਮਾਰੀਆਂ ਨਾਲ ਸੰਬੰਧਿਤ ਦਵਾਈਆਂ ਅਤੇ ਟੀਕਿਆਂ ਨੂੰ ਈਜਾਦ ਹੋਏ ੨੦ ਤੋਂ ੪੦ ਸਾਲ ਦਾ ਅਰਸਾ ਬੀਤ ਜਾਣ ਦੇ ਬਾਵਜੂਦ ਵੀ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਵਿਚ ਸੰਬੰਧਤ ਦਵਾਈਆਂ ਅਤੇ ਟੀਕੇ ਉਪਲਬੱਧ ਨਹੀਂ ਹਨ। ਜਿੱਥੋਂ ਤੱਕ ਭਾਰਤ ਦਾ ਪ੍ਰਸ਼ਨ ਹੈ ਭਾਰਤ ਦੇ ਇਕ ਰਾਜ ਉੱਤਰ-ਪ੍ਰਦੇਸ਼ ਵਿਚ ਪੰਜ ਸਾਲ ਤੋਂ ਘੱਟ ਉਮਰ ਦੇ ਲੱਗਭੱਗ ੯੫ ਹਜ਼ਾਰ ਬੱਚੇ ਦਸਤ ਅਤੇ ਇਸ ਨਾਲ ਸੰਬੰਧਿਤ ਬੀਮਾਰੀਆਂ ਨਾਲ ਮਰ ਜਾਂਦੇ ਹਨ। ਸੰਤੁਲਿਤ ਆਹਾਰ ਦੀ ਘਾਟ ਕਾਰਨ ਕਈ ਬੱਚੇ ਸਥਾਈ ਅੰਗਹੀਣਤਾ ਦੇ ਵੀ ਸ਼ਿਕਾਰ ਹੋ ਜਾਂਦੇ ਹਨ। ਵਿਟਾਮਿਨ 'ਏ' ਦੀ ਘਾਟ ਕਾਰਨ ਭਾਰਤ ਵਿਚ ਹਰ ਸਾਲ ੨੫ ਹਜ਼ਾਰ ਬੱਚੇ ਅੰਨ੍ਹੇਪਨ ਦਾ ਸ਼ਿਕਾਰ ਹੋ ਜਾਂਦੇ ਹਨ। ਨਿਊ-ਟਰੇਸ਼ਨ ਫਾਊਂਡੇਸ਼ਨ ਆਫ਼ ਇੰਡੀਆ ਦੁਆਰਾ ੧੯੮੩ ਦੀ ਰਿਪੋਰਟ ਦੇ ਅਨੁਸਾਰ ਛੇ ਸਾਲ ਤੋਂ ਘੱਟ ਉਮਰ ਦੇ ਲੱਗਭੱਗ ਦੋ ਕਰੋੜ ਸੱਤਰ ਲੱਖ ਬੱਚੇ ਮਾਨਸਿਕ ਰੋਗਾਂ ਦੇ ਸ਼ਿਕਾਰ ਹੋ ਜਾਂਦੇ ਹਨ। ਇਹ ਰੋਗ ਆਇਓਡੀਨ ਦੀ ਘਾਟ ਦੇ ਕਾਰਨ ਹੁੰਦਾ ਹੈ। ਬੱਚਿਆਂ ਦੀ ਮੌਤ ਦਰ ਘਟਾਉਣ ਦੇ ਸਰਕਾਰੀ ਦਾਅਵੇ ਕੀਤੇ ਜਾ ਰਹੇ ਹਨ ਅਤੇ ਵਿਭਿੰਨ ਪ੍ਰਕਾਰ ਦੇ ਐਲਾਨ ਵੀ ਕੀਤੇ ਜਾ ਰਹੇ ਹਨ। ਭਾਰਤ ਸਰਕਾਰ ਦੀ ੧੯੭੫ ਦੀ ਮਹੱਤਵ ਪੂਰਨ ਯੋਜਨਾ ਦਾ ਉਦੇਸ਼ ਗ਼ਰੀਬ ਪਰਿਵਾਰ ਵਿਚ ਬੱਚਿਆਂ ਦੀ ਜੀਵਨ ਰੱਖਿਆ ਨੂੰ ਬੜਾਵਾ ਦੇਣਾ ਅਤੇ ਛ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਅਤੇ ਉਨ੍ਹਾਂ ਦੀਆਂ ਮਾਂਵਾਂ ਨੂੰ ਸਵਸਥ ਭੋਜਨ ਅਤੇ ਸਿੱਖਿਆ ਦੇ ਵੱਧ ਤੋਂ ਵੱਧ ਮੌਕੇ ਉਪਲਬਧ ਕਰਾਉਣਾ ਹੈ। ਪ੍ਰੰਤੂ ਸੱਚ ਤਾਂ ਇਹ ਹੈ ਕਿ ਨਾ ਕੇਵਲ ਭਾਰਤ ਸਗੋਂ ਸਾਰੀ ਦੁਨੀਆਂ ਦੇ ਕਿਸੇ ਵੀ ਦੇਸ਼ ਵਿਚ ਬੱਚਿਆਂ ਦੀ ਮੌਤ ਦਰ ਵਿਚ ਕਮੀ ਨਹੀਂ ਆਈ। ਵਿਸ਼ਵ ਦੇ ਹਰ ਰੋਜ਼ ਚਾਲੀ ਹਜ਼ਾਰ ਬੱਚਿਆਂ ਦੀ ਮੌਤ ਗੰਭੀਰ

ਚਿੰਤਾ ਦਾ ਵਿਸ਼ਾ ਹੈ। ਬੱਚਿਆਂ ਦੀ ਮੌਤ ਦਰ ਵਿਚ ਗਿਰਾਵਟ ਨਾ ਆਉਣ ਦਾ ਕਾਰਨ ਇਹੀ ਕਿਹਾ ਜਾ ਸਕਦਾ ਹੈ ਕਿ ਸਭ ਦੇਸ਼ਾਂ ਦੀਆਂ ਸਰਕਾਰਾਂ ਬਾਲ-ਸੁਰੱਖਿਆ ਵੱਲ ਕੋਈ ਵਿਸ਼ੇਸ਼ ਧਿਆਨ ਨਹੀਂ ਦੇ ਰਹੀਆਂ। ਜੋ ਧਨ, ਬਾਲ-ਸੁਰੱਖਿਆ ਲਈ ਸਵੀਕਾਰ ਕੀਤਾ ਜਾਂਦਾ ਹੈ ਉਸ ਵਿਚੋਂ ਅੱਧਿਉਂ ਵੱਧ ਰਾਜਨੀਤਿਕ ਲੋਕਾਂ ਦੀਆਂ ਜੇਬਾਂ ਵਿਚ ਚਲਿਆ ਜਾਂਦਾ ਹੈ ਅਤੇ ਉਸ 'ਤੇ ਬਾਲ ਵਿੱਤੀ ਸੰਕਟ ਦਾ ਰਾਗ ਅਲਾਪ ਦਿੱਤਾ ਜਾਂਦਾ ਹੈ। ਸਮੂਹ ਦੇਸ਼ਾਂ ਦੇ ਰਾਜਨੇਤਾਵਾਂ ਦੀਆਂ ਦੇਸ਼ ਦੀਆਂ ਯਾਤਰਾਵਾਂ ਅਤੇ ਵਿਭਿੰਨ ਪ੍ਰਕਾਰ ਦੇ ਉਤਸਵਾਂ ਉੱਤੇ ਕਰੋੜਾਂ ਰੁਪਇਆਂ ਦਾ ਖ਼ਰਚਾ ਆਉਂਦਾ ਹੈ। ਇਹਨਾਂ ਖ਼ਰਚਿਆਂ ਵਿਚ ਕਟੌਤੀ ਕਰਕੇ ਬਾਲ ਸੁਰੱਖਿਆ ਉੱਤੇ ਖ਼ਰਚਾ ਕੀਤਾ ਜਾ ਸਕਦਾ ਹੈ। ਨਾਲ ਹੀ ਯੂਨੀਸੈਫ ਦਾ ਅਨੁਮਾਨ ਹੈ ਕਿ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਵਿਚ ਖ਼ਰਚ ਹੋਣ ਵਾਲੇ ਰੱਖਿਆ ਬੱਜਟ ਵਿਚੋਂ ਦਸ ਪ੍ਰਤੀਸ਼ਤ ਵੀ ਬਾਲ ਸੁਰੱਖਿਆ ਉੱਤੇ ਖ਼ਰਚ ਕੀਤਾ ਜਾਵੇ ਤਾਂ ਬਾਲ ਮੌਤਾਂ ਕਾਫ਼ੀ ਹੱਦ ਤੱਕ ਘਟਾਈਆਂ ਜਾ ਸਕਦੀਆਂ ਹਨ।

(ਰੋਜ਼ਾਨਾ ਅਕਾਲੀ ਪੱਤ੍ਰਿਕਾ ੧-੮-੯੨ ਵਿਚੋਂ ਧੰਨਵਾਦ ਸਹਿਤ)

ਸਤਿਕਾਰਯੋਗ ਭਗਤ ਪੂਰਨ ਸਿੰਘ ਜੀ ਲਿਖਦੇ ਹਨ ਕਿ "ਮੈਂ ਸੰਨ 1930 ਦੇ ਲਾਗੇ ਹਿੰਦੀ ਦੇ ਮਾਸਿਕ ਪੱਤਰ 'ਤਿਆਗ ਭੂਮੀ' ਵਿਚ ਹੇਠ ਲਿਖੀ ਕਵਿਤਾ ਪੜ੍ਹੀ ਸੀ ਜਿਸ ਵਿਚ ਮਾਂ ਸ਼ਬਦ ਦੀ ਵਡਿਆਈ ਦੱਸੀ ਗਈ ਹੈ।"

'ਮਾਂ ਸਾ ਸ਼ਬਦ ਉਚਰ ਕੇ ਮੁਖ ਸੇ
ਮਨ ਪਾਤਾ ਅਨੰਦ ਅਮੋਦ
ਯੇਹੀ ਵਾਸਰਾ ਬਸ ਹੋਤੀ ਹੈ
ਖੇਲੂੰ ਬੈਠ ਸਦਾ ਹੀ ਗੋਦ
ਉਸ ਕੋ ਨਹੀਂ ਦੇਖਾ ਹਮਨੇ ਕਭੀ,
ਪਰ ਉਸ ਕੀ ਜ਼ਰੂਰਤ ਕਿਆ ਹੋਗੀ
ਐ ਮਾਂ ਤੇਰੀ ਸੂਰਤ ਸੇ ਅਲੱਗ,
ਭਗਵਾਨ ਕੀ ਸੂਰਤ ਕਿਆ ਹੋਗੀ।'

ਬਣਾਵਟੀ ਜ਼ਿੰਦਗੀ

ਡਾ. ਗੁਰਬਚਨ ਸਿੰਘ

ਮਨੁੱਖੀ ਜ਼ਿੰਦਗੀ ਕੁਦਰਤ ਤੋਂ ਦੂਰ ਅਤੇ ਬਣਾਵਟੀ ਰੂਪ ਧਾਰਨ ਕਰ ਰਹੀ ਹੈ। ਇਹ ਵਿਗਿਆਨ ਅਤੇ ਤਕਨੀਕੀ ਕਾਢਾਂ ਦੀ ਮਹੱਤਵਪੂਰਨ ਦੇਣ ਹੈ। ਜ਼ਿੰਦਗੀ ਦਾ ਹਰ ਪਹਿਲੂ ਜਿਵੇਂ ਰਹਿਣ-ਸਹਿਣ, ਖਾਣ ਪੀਣ, ਚਾਲ-ਢਾਲ, ਪਹਿਰਾਵਾ, ਬੁੱਲ੍ਹਾਂ ਦਾ ਹਾਸਾ, ਚਿਹਰੇ ਦੀ ਮੁਸਕਾਨ ਆਦਿ ਬਣਾਵਟੀ ਅਸਰ ਤੋਂ ਵਾਂਝੇ ਨਹੀਂ ਰਹਿ ਗਏ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਣਾਵਟੀ ਰੂਪ ਨਾਲ ਸੁਖ-ਆਰਾਮ ਵਧਿਆ ਹੈ। ਪਰ ਇਹ ਸੁਖ-ਆਰਾਮ 'ਆ ਬੈਲ ਮੁਝੇ ਮਾਰ' ਵਾਂਗ ਮੁਸੀਬਤ ਨੂੰ ਸੱਦਾ ਦੇਣਾ ਹੈ। ਜਦ ਗਰਮੀ ਦੀ ਰੁੱਤ ਵਿਚ ਬਿਜਲੀ ਚਲੀ ਜਾਵੇ ਤਾਂ ਹਾਹਾਕਾਰ ਮੱਚ ਜਾਂਦੀ ਹੈ। ਸਰਦੀ ਦੀ ਰੁੱਤ ਵਿਚ ਹੀਟਰ ਨਾ ਚੱਲਣ ਕਾਰਨ ਦੰਦ ਵੱਜਣੇ ਸ਼ੁਰੂ ਹੋ ਜਾਂਦੇ ਹਨ। ਕੁਦਰਤ ਅਤੇ ਕੁਦਰਤੀ ਅਸੂਲਾਂ ਤੋਂ ਦੂਰ ਜਾਣ ਕਾਰਨ ਬਣਾਵਟੀ-ਪਨ ਵਧਿਆ ਹੈ। ਗਰਮੀ ਤੇ ਸਰਦੀ ਨੂੰ ਰੋਕਣ ਦੇ ਢੰਗ ਲੱਭਣ ਨਾਲ ਕੀ ਅਸੀਂ ਆਪਣੇ ਆਪ ਨੂੰ ਸੁਰੱਖਿਅਤ ਬਣਾ ਸਕਦੇ ਹਾਂ ? ਜੇਕਰ ਹਾਂ, ਤਾਂ ਬਦਲਦੀ ਰੁੱਤ ਦਾ ਸਾਡੇ ਤੇ ਪ੍ਰਭਾਵ ਕਿਉਂ ਪੈ ਰਿਹਾ ਹੈ ? ਕੀ ਫਰਿੱਜ ਅਤੇ ਹੀਟਰ ਦੀ ਵਰਤੋਂ ਨਾਲ ਖਾਣ ਵਾਲੀਆਂ ਚੀਜ਼ਾਂ ਨੂੰ ਬੇਹਾ ਕਰਕੇ ਖਾਣ ਨਾਲ ਸਾਡੇ ਸਰੀਰ ਦੀ ਤਾਕਤ ਵਧੀ ਹੈ ? ਬਣਾਵਟੀ ਤਾਕਤ ਵਾਲੀਆਂ ਦਵਾਈਆਂ ਖਾਣ ਨਾਲ ਕੀ ਅਸੀਂ ਪਹਿਲਵਾਨ ਬਣ ਸਕਦੇ ਹਾਂ ? ਕੁਦਰਤ ਦੇ ਨੇੜੇ ਰਹਿਣ ਨਾਲ ਬੀਮਾਰੀਆਂ ਦੇ ਖ਼ਿਲਾਫ਼ ਸਰੀਰਕ ਸਮੱਰਥਾ ਕਾਇਮ ਰਹਿੰਦੀ ਹੈ।

ਅਸੀਂ ਆਪਣੇ ਆਰਾਮ ਪੈਦਾ ਕਰਨ ਲਈ ਵਾਤਾਵਰਣ ਦਾ ਸਤਿਆਨਾਸ਼ ਕਰ ਰਹੇ ਹਾਂ। ਉਹ ਦਿਨ ਦੂਰ ਨਹੀਂ, ਜਦੋਂ ਸ਼ਹਿਰ ਵਿਚ ਆਕਸੀਜਨ ਗੈਸ ਦੀ ਕਮੀ ਨੂੰ ਪੂਰਾ ਕਰਨ ਲਈ ਸਾਨੂੰ ਆਪਣੇ ਨਾਲ ਇਸ ਦਾ ਸਿਲੰਡਰ ਚੁੱਕਣਾ ਪਵੇਗਾ।

ਕੁਦਰਤੀ ਸੋਮਿਆਂ ਦੀ ਅੰਧਾ ਧੁੰਦ ਵਰਤੋਂ ਕਰਨ ਨਾਲ ਸਮੁੱਚੇ ਵਾਤਾਵਰਣ ਵਿਚ ਅਸਥਿਰਤਾ ਪੈਦਾ ਹੋ ਗਈ ਹੈ। ਜੰਗਲਾਂ ਦੀ ਕਟਾਈ, ਪਾਣੀ ਦੀ ਖੇਤੀ, ਕਾਰਖ਼ਾਨਿਆਂ, ਘਰੇਲੂ ਕੰਮਾਂ ਲਈ ਜ਼ਿਆਦਾ

ਵਰਤੋਂ, ਕਾਰਖ਼ਾਨਿਆਂ ਦੀ ਰਹਿੰਦ-ਖੂੰਹਦ, ਕੋਲੇ ਦੀ ਵਧ ਰਹੀ ਖੱਪਤ, ਬਿਜਲੀ ਦੀ ਵਧ ਰਹੀ ਮੰਗ ਅਤੇ ਪ੍ਰਮਾਣੂ ਸ਼ਕਤੀ ਦੀ ਵਰਤੋਂ ਇਸ ਅਸਥਿਰਤਾ ਦੇ ਮੁੱਖ ਕਾਰਨ ਹਨ। ਕੁਦਰਤੀ ਸ਼ਕਤੀ ਤੇ ਸੋਮਿਆਂ ਦੀ ਵਰਤੋਂ ਵੱਧ ਤੋਂ ਵੱਧ ਕਰਨ ਦੀ ਬਜਾਏ ਕੇਵਲ ਲੋੜ ਅਨੁਸਾਰ ਹੀ ਕਰਨੀ ਚਾਹੀਦੀ ਹੈ। ਪੈਦਾਵਾਰ ਵਿਚ ਵਾਧਾ ਅਤੇ ਤਰੱਕੀ ਕਰਨ ਨਾਲ ਕੁਦਰਤੀ ਸਾਧਨਾਂ ਦੀ ਬੇਸੋਚੀ ਸਮਝੀ ਵਰਤੋਂ ਕਰਨ ਨਾਲ ਕੁਦਰਤੀ ਕਰੋਪੀਆਂ ਜਿਵੇਂ ਬਾਰਸ਼, ਹੜ੍ਹ, ਤੂਫਾਨ, ਗਰਮੀ, ਸਰਦੀ, ਬੀਮਾਰੀ ਆਦਿ ਨੂੰ ਸੱਦਾ ਦੇਣਾ ਹੈ।

ਸਮਾਜਿਕ ਅਤੇ ਵਿਅਕਤੀਗਤ ਕਦਰਾਂ-ਕੀਮਤਾਂ ਨੂੰ ਤਰਜੀਹ ਦੇਣ ਵਾਲਿਆਂ ਨੂੰ ਪੁਰਾਤਨ ਵਰਗ ਨਾਲ ਜੋੜਿਆ ਜਾਂਦਾ ਹੈ। ਪਦਾਰਥ-ਵਾਦੀਆਂ ਨੂੰ ਨਵੀਨ ਅਤੇ ਅਜੋਕਾ ਸਮਝਿਆ ਜਾਂਦਾ ਹੈ। ਕਦਰਾਂ ਕੀਮਤਾਂ ਤੋਂ ਦੂਰ ਜਾਣ ਕਾਰਨ ਸਮਾਜ ਵਿਚ ਖਿਲਾਅ ਪੈਦਾ ਹੋ ਰਿਹਾ ਹੈ। ਇਸ ਕਾਰਨ ਚਿੰਤਾ, ਪ੍ਰੇਸ਼ਾਨੀ, ਬੇਚੈਨੀ, ਅਸਹਿਣਸ਼ੀਲਤਾ, ਬੇ-ਇਤਬਾਰੀ, ਸ਼ੱਕ ਆਦਿ ਸਾਡੇ ਸੁਭਾਅ ਦਾ ਅੰਗ ਬਣਦੀਆਂ ਹਨ। ਵਿਗਿਆਨਿਕ ਤਰੱਕੀ ਨਾਲ ਸਰੀਰਕ ਸੁੱਖਾਂ ਵਿਚ ਭਾਵੇਂ ਵਾਧਾ ਹੋਇਆ ਹੈ ਪਰ ਮਾਨਸਿਕ ਹਾਲਤ ਕਮਜ਼ੋਰ ਹੋ ਰਹੀ ਹੈ। ਵਿਅਕਤੀ ਦੀ ਤਰੱਕੀ ਅਤੇ ਪੁਜ਼ੀਸ਼ਨ ਦਾ ਅੰਦਾਜ਼ਾ ਉਸ ਦੀ ਪਦਾਰਥਵਾਦੀ ਹੋਂਦ ਤੋਂ ਲਗਾਇਆ ਜਾਂਦਾ ਹੈ। ਇਸ ਦੌੜ ਵਿਚ ਅਸੀਂ ਇਕ ਦੂਸਰੇ ਨੂੰ ਹਰਾਉਣ ਦੀ ਕੋਸ਼ਿਸ਼ ਵਿਚ ਲੱਗੇ ਹੋਏ ਹਾਂ। ਇਸ ਦੌੜ ਦੇ ਨਤੀਜੇ ਭਿਆਨਕ ਹੋਣਗੇ। ਸਮਾਜ ਦੋ ਭਾਗਾਂ ਵਿਚ ਵੰਡਿਆ ਜਾ ਰਿਹਾ ਹੈ, ਜਿਸ ਨੂੰ ਆਮ ਕਰਕੇ ਗ਼ਰੀਬ ਅਤੇ ਅਮੀਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਸਾਡੀਆਂ ਮੁੱਢਲੀਆਂ ਲੋੜਾਂ ਗੁੱਲੀ, ਜੁੱਲੀ, ਕੁੱਲੀ ਭਾਵ ਰੋਟੀ, ਕੱਪੜਾ ਅਤੇ ਮਕਾਨ ਹਨ। ਜੇਕਰ ਇਹਨਾਂ ਲੋੜਾਂ ਨੂੰ ਪੂਰਾ ਕਰਨ ਦੇ ਮੌਕੇ ਨਾ ਪੈਦਾ ਕੀਤੇ ਗਏ ਤਾਂ ਬੇਵੱਸ ਲੋਕ ਮਾਰ-ਧਾੜ ਤੋਂ ਸੰਕੋਚ ਨਹੀਂ ਕਰਨਗੇ।

ਇਹ ਦਲੀਲ ਵੀ ਦਿੱਤੀ ਜਾਂਦੀ ਹੈ ਕਿ ਸਮੇਂ ਦੇ ਨਾਲ ਨਾਲ ਕਦਰਾਂ-ਕੀਮਤਾਂ ਵੀ ਬਦਲਣੀਆਂ ਚਾਹੀਦੀਆਂ ਹਨ। ਵਿਅਕਤੀ ਨੂੰ ਹਾਲਾਤ ਅਤੇ ਸਮੇਂ ਦੇ ਮੁਤਾਬਕ ਆਪਣੇ ਆਪ ਨੂੰ ਢਾਲਣਾ ਚਾਹੀਦਾ

ਹੈ। ਵਿਦਿਆ ਦਾ ਵੀ ਇਹ ਮੁੱਢਲਾ ਉਦੇਸ਼ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਸਾਨੂੰ ਮੁੱਢਲੀਆਂ ਕਦਰਾਂ ਨੂੰ ਕੁਰਬਾਨ ਕਰਨਾ ਚਾਹੀਦਾ ਹੈ। ਕੀ ਵੱਡਿਆਂ ਦਾ ਆਦਰ, ਆਪਸੀ ਪ੍ਰੇਮ-ਭਾਵ, ਸੇਵਾ, ਸਹਿਣ-ਸ਼ੀਲਤਾ, ਅਨੁਸ਼ਾਸ਼ਨ, ਜ਼ਿੰਮੇਵਾਰੀ ਦੀ ਭਾਵਨਾ, ਸਵੈ-ਭਰੋਸੇ, ਸਵੈ-ਆਦਰ ਆਦਿ ਗੁਣ ਸਮੇਂ ਅਤੇ ਹਾਲਾਤ ਅਨੁਸਾਰ ਬਦਲਣੇ ਚਾਹੀਦੇ ਹਨ ? ਕੀ ਇਹ ਪੀੜ੍ਹੀਆਂ ਖਿਲਾਅ ਦਾ ਆਧਾਰ ਬਣਨੀਆਂ ਚਾਹੀਦੀਆਂ ਹਨ ? ਇਹ ਕਦਰਾਂ-ਕੀਮਤਾਂ ਸਾਡੇ ਸਮਾਜ ਦੀ ਸਥਿਰਤਾ ਦਾ ਆਧਾਰ ਹਨ। ਜ਼ਿੰਦਗੀ ਦੀ ਰਫ਼ਤਾਰ ਤੇਜ਼ ਹੋ ਗਈ ਹੈ। ਕਿਸੇ ਕੋਲ ਕੋਈ ਸਮਾਂ ਨਹੀਂ ਕਿ ਉਹ ਦੂਸਰਿਆਂ ਦੇ ਸਾਹਮਣੇ ਦੁੱਖ ਫੋਲ ਸਕੇ। ਤੇਜ਼ ਰਫ਼ਤਾਰ ਰਾਹੀਂ ਤਰੱਕੀ ਦਾ ਆਧਾਰ ਮੰਨਿਆ ਜਾਂਦਾ ਹੈ। ਤੇਜ਼ ਰਫ਼ਤਾਰ ਤੋਂ ਭਾਵ ਸਮੇਂ ਸਿਰ ਠੀਕ ਯੋਜਨਾ ਅਤੇ ਵਰਤੋਂ ਹੈ, ਹੁਣ ਹਰ ਕੋਈ ਥੋੜ੍ਹੇ ਸਮੇਂ ਵਿਚ ਵੱਧ ਤੋਂ ਵੱਧ ਰਫ਼ਤਾਰ ਨਾਲ ਚੱਲ ਕੇ, ਸੋਚ ਕੇ ਅਤੇ ਕੰਮ ਕਰਕੇ ਇਕ ਦੂਸਰੇ ਤੋਂ ਅੱਗੇ ਨਿਕਲਣਾ ਚਾਹੁੰਦਾ ਹੈ। ਇਸ ਰਫ਼ਤਾਰ ਨੇ ਇਕੱਲੇਪਨ ਨੂੰ ਜਨਮ ਦਿੱਤਾ ਹੈ, ਕਿਉਂਕਿ ਦੌੜ ਵਿਚ ਅਸੀਂ ਸਾਰਿਆਂ ਨੂੰ ਪਿੱਛੇ ਛੱਡਣ ਦਾ ਯਤਨ ਕਰਦੇ ਹਾਂ। ਅੱਗੇ ਤੋਂ ਅੱਗੇ ਪਹੁੰਚਣ ਦੀ ਲਾਲਸਾ ਨਾਲ ਨਾ ਤਾਂ ਅਸੀਂ ਪਿਛਲਿਆਂ ਦਾ ਸਾਥ ਦਿੰਦੇ ਹਾਂ ਅਤੇ ਨਾ ਹੀ ਅੱਗੇ ਜਾਣ ਵਾਲਿਆਂ ਨੂੰ ਫੜ ਸਕਦੇ ਹਾਂ, ਸਰੀਰ ਅਤੇ ਮਨ ਦੋਵੇਂ ਹੀ ਇਸ ਦੌੜ ਵਿਚ ਸ਼ਾਮਲ ਹਨ। ਸੰਚਾਰ ਸਾਧਨਾਂ ਦੀ ਤਰੱਕੀ ਕਾਰਨ ਅਸੀਂ ਭੂਗੋਲਿਕ ਫ਼ਾਸਲਾ ਘੱਟ ਕਰਕੇ ਸਾਰੇ ਸੰਸਾਰ ਨੂੰ ਇਕ ਪਰਿਵਾਰ ਵਾਂਙ ਸਮਝਦੇ ਹਾਂ। ਪਰ ਕੀ ਅਸੀਂ ਮੂਲ ਰੂਪ ਵਿਚ ਇਕ ਦੂਜੇ ਦੇ ਨੇੜੇ ਹੋ ਗਏ ਹਾਂ ? ਜੇਕਰ ਹਾਂ ਤਾਂ ਸਾਰੀ ਦੁਨੀਆਂ ਵਿਚ ਲੜਾਈ ਦਾ ਬਿਗਲ ਕਿਉਂ ਵੱਜ ਰਿਹਾ ਹੈ ? ਅਸੀਂ ਕਿਉਂ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਬਣ ਗਏ ਹਾਂ। ਅਸੀਂ ਇਕ ਦੂਸਰੇ 'ਤੇ ਕਿਉਂ ਹਾਵੀ ਹੋਣਾ ਚਾਹੁੰਦੇ ਹਾਂ ? ਕੀ ਇਹ ਮੁੱਢਲੀਆਂ ਕਦਰਾਂ-ਕੀਮਤਾਂ ਤੋਂ ਦੂਰ ਹੋਣ ਦਾ ਕਾਰਨ ਹਨ ? ਅਸੀਂ ਮਨੁੱਖਤਾ ਅਤੇ ਮਨੁੱਖੀ ਜੀਵਨ ਸਮਝਣ ਦੀ ਬਜਾਏ, ਜ਼ਿੰਦਗੀ ਦੀ ਵਧ ਰਹੀ ਰਫ਼ਤਾਰ ਵਿਚ ਉਲਝ ਗਏ। ਸਰੀਰਕ ਅਤੇ ਮਾਨਸਿਕ ਰਫ਼ਤਾਰ ਦਾ ਸੁਮੇਲ ਨਾ ਹੋਣ ਕਾਰਨ, ਤੇਜ਼ ਚੱਲ ਰਹੀ ਗੱਡੀ ਦੇ ਝਟਕਿਆਂ ਵਾਂਙ ਮਹਿਸੂਸ ਕਰਦੇ ਹਾਂ।

(ਅਜੀਤ ੧੬-੧੧-੯੧ ਵਿਚੋਂ ਧੰਨਵਾਦ ਸਹਿਤ)

ਬਿਜਲੀ ਦੀ ਵਰਤੋਂ ਢੰਗ ਨਾਲ ਕਰੋ, ਬਿਜਲੀ ਬਚਾਓ—ਬਿੱਲ ਘਟਾਓ

—ਸੱਤ ਪ੍ਰਕਾਸ਼ ਸਿੰਗਲਾ

ਅੱਜ ਦੇ ਯੁੱਗ ਵਿਚ ਹਰ ਚੀਜ਼ ਬਿਜਲੀ ਨਾਲ ਚੱਲਣ ਲੱਗ ਪਈ ਹੈ ਅਤੇ ਉਦ ਵੀ ਘਰਾਂ ਵਿਚ ਬਿਜਲੀ ਨਾਲ ਚੱਲਣ ਵਾਲੀਆਂ ਚੀਜ਼ਾਂ ਦੀ ਗਿਣਤੀ ਵਿਚ ਕਾਫ਼ੀ ਵਾਧਾ ਹੋਇਆ ਹੈ ਜਿਸ ਕਾਰਨ ਬਿਜਲੀ ਦੀ ਮੰਗ ਹਰ ਪਾਸੇ ਵਧਦੀ ਹੀ ਜਾ ਰਹੀ ਹੈ ਅਤੇ ਬਿਜਲੀ ਦੀ ਮੰਗ ਵਧੇਰੇ ਤੇ ਬਿਜਲੀ ਪੈਦਾ ਘੱਟ ਹੋਣ ਸਦਕਾ ਬਿਜਲੀ ਸੰਕਟ ਵਧਣ ਸਦਕਾ ਬਿਜਲੀ ਦੀਆਂ ਦਰਾਂ ਵਿਚ ਭੀ ਪਿਛਲੇ ਸਮੇਂ ਦੌਰਾਨ ਚੋਖਾ ਵਾਧਾ ਹੋਇਆ ਹੈ। ਬਿਜਲੀ ਦੀ ਵਧੇਰੇ ਵਰਤੋਂ ਕਾਰਨ ਤਾਂ ਘਰਾਂ ਦੇ ਬਿਜਲੀ ਦੇ ਬਿੱਲ ਵਧੇ ਹੀ ਹਨ ਅਤੇ ਨਾਲ ਹੀ ਕਈ ਵਾਰ ਅਣਗਹਿਲੀ ਸਦਕਾ ਭੀ ਬਿਜਲੀ ਦਾ ਵਧੇਰੇ ਬਿੱਲ ਆਉਂਦਾ ਹੈ ਜਿਸ ਦਾ ਘਰੇਲੂ ਬਜਟ 'ਤੇ ਕਾਫ਼ੀ ਬੋਝ ਵਧਦਾ ਹੈ। ਆਮ ਕਰਕੇ ਦੇਖਿਆ ਜਾਂਦਾ ਹੈ ਕਿ ਬਿਜਲੀ ਦੀ ਫ਼ਜ਼ੂਲ ਵਰਤੋਂ ਨੂੰ ਭੀ ਲੋਕੀਂ ਨਹੀਂ ਰੋਕਦੇ ਅਤੇ ਇਸ ਦਾ ਗੰਭੀਰ ਨਤੀਜਾ ਇਹ ਹੁੰਦਾ ਹੈ ਕਿ ਅਨੇਕ ਵਾਰ ਬਿਜਲੀ 'ਤੇ ਕਟੌਤੀ ਲਾਗੂ ਹੁੰਦੀ ਹੈ ਜਿਸ ਕਾਰਨ ਹਰ ਇਕ ਨੂੰ ਬੜੀ ਹੀ ਪ੍ਰੇਸ਼ਾਨੀ ਉਠਾਉਣੀ ਪੈਂਦੀ ਹੈ। ਜੇਕਰ ਫ਼ਜ਼ੂਲ ਖ਼ਰਚੀ ਨਾ ਰੋਕੀ ਗਈ ਅਤੇ ਕਟੌਤੀ ਇਸੇ ਤਰ੍ਹਾਂ ਵਧਦੀ ਗਈ ਤਾਂ ਸਭਨਾਂ ਲਈ ਬਿਜਲੀ ਦਰਸ਼ਨ ਸ਼ਾਇਦ ਦੁਰਲੱਭ ਹੋ ਜਾਣਗੇ ਅਤੇ ਬਿਜਲੀ ਦੀ ਵਧਾਈ ਗਈ ਫਜ਼ੂਲ ਖ਼ਰਚੀ 'ਤੇ ਪਛਤਾਉਣਾ ਪਵੇਗਾ। ਹੋ ਸਕਦਾ ਹੈ ਕਿ ਬਿਜਲੀ ਸੰਕਟ ਆਉਣ 'ਤੇ ਇਸ ਦੇ ਦਰਸ਼ਨ ਸਿਰਫ਼ ਸ਼ਾਮ ਦੇ ਹਨ੍ਹੇਰੇ ਸਮੇਂ ਹੀ ਹੋਇਆ ਕਰਨ ਅਤੇ ਫਿਰ ਬਿਜਲੀ ਦੀ ਫ਼ਜ਼ੂਲ ਖ਼ਰਚੀ ਰੋਕਣ ਲਈ ਸੋਚਣਾ ਪਵੇ, ਪਰ ਜੇਕਰ ਇਸ ਦੇ ਗੰਭੀਰ ਸੰਕਟ ਨੂੰ ਸਾਹਮਣੇ ਰੱਖ ਕੇ ਬਿਜਲੀ ਦੀ ਫ਼ਜ਼ੂਲ ਖ਼ਰਚੀ ਹੁਣੇ ਤੋਂ ਰੋਕਣ ਲਈ ਸੋਚੀਏ ਤਾਂ ਬਹੁਤ ਚੰਗਾ ਹੋਵੇਗਾ। ਬਿਜਲੀ ਦੀ ਫ਼ਜ਼ੂਲ ਖ਼ਰਚੀ ਰੋਕਣ ਲਈ ਕੁਝ ਸੁਝਾਓ ਪੇਸ਼ ਹਨ।

ਬਿਜਲੀ ਦੇ ਬਲਬ ਦੀ ਤੇਜ਼ ਰੋਸ਼ਨੀ ਜਿਵੇਂ ਕਿ ਅੱਜਕਲ੍ਹ 100 ਵਾਟ ਦਾ ਬਲਬ ਜਗਾਉਣਾ ਆਮ ਹੀ ਹੋ ਗਿਆ ਹੈ ਜਦ ਕਿ ਕੁਝ ਸਾਲ ਪਹਿਲਾਂ 40 ਵਾਟ ਦਾ ਬੱਲਬ ਵਧੇਰੇ ਵਰਤੋਂ ਵਿਚ ਲਿਆਇਆ ਜਾਂਦਾ ਸੀ । ਪਿਛਲੇ ਕੁਝ ਸਾਲਾਂ ਦੌਰਾਨ ਤੇਜ਼ ਰੋਸ਼ਨੀ ਦਾ ਰੁਝਾਨ ਇਤਨਾ ਵਧਿਆ ਹੈ ਕਿ ਬਾਜ਼ਾਰਾਂ ਵਿਚ 15 ਅਤੇ 25 ਵਾਟ ਦੇ ਬਲਬ ਦੀ ਵਿਕਰੀ ਉੱਕਾ ਹੀ ਖ਼ਤਮ ਹੋ ਗਈ ਹੈ। ਕਈ ਪ੍ਰਮੁੱਖ ਕੰਪਨੀਆਂ ਨੇ ਤਾਂ ਇਹਨਾਂ ਦੀ ਮੰਗ ਨਾ ਹੋਣ ਕਾਰਨ 15 ਤੋਂ 25 ਵਾਟ ਦੇ ਬੱਲਬਾਂ ਦਾ ਉਤਪਾਦਨ ਹੀ ਬੰਦ ਕਰ ਦਿੱਤਾ ਹੈ ਅਤੇ 1(0) ਵਾਟ ਦੇ ਬੱਲਬ ਦਾ ਸਥਾਨ 40 ਵਾਟ, 25 ਵਾਟ ਦੇ ਬੱਲਬਾਂ ਦਾ ਸਥਾਨ 60 ਵਾਟ ਅਤੇ 40-60 ਦਾ ਸਥਾਨ 100 ਵਾਟ ਨੇ ਲੈ ਲਿਆ ਹੈ ਜਿਸ ਕਾਰਨ ਬਿਜਲੀ ਦੀ ਖੱਪਤ ਵਿਚ ਚੋਖਾ ਵਾਧਾ ਹੋਇਆ ਹੈ। ਪਰ ਜੇਕਰ 100 ਵਾਟ ਦੇ ਬੱਲਬਾਂ ਵਾਲੀਆਂ ਥਾਵਾਂ 'ਤੇ ਟਿਊਬ ਲਾਈਟ ਲਾਈ ਜਾਵੇ ਤਾਂ ਇਕ ਬਿਜਲੀ ਦੀ ਖਪਤ 60 ਪ੍ਰਤੀਸ਼ਤ ਘਟੇਗੀ ਤੇ ਤੇਜ਼ ਲਾਈਟ ਦਾ ਜੋ ਬੁਰਾ ਅਸਰ ਨਿਗ੍ਹਾ ਤੇ ਪੈਂਦਾ ਹੈ ਉਸ ਤੋਂ ਭੀ ਬਚਿਆ ਜਾ ਸਕਦਾ ਹੈ।

ਇਸ ਤੋਂ ਇਲਾਵਾ ਇਕੋ ਘਰ ਦੇ ਕਈ ਵੱਖ ਵੱਖ ਕਮਰਿਆਂ ਵਿਚ ਅਲੱਗ ਅਲੱਗ ਬਲਬ ਜਗ੍ਹਾ ਕੇ ਇਕ ਕਮਰੇ ਵਿਚ ਇਕ ਬੱਚਾ, ਦੂਜੇ ਕਮਰੇ 'ਚ ਦੂਜਾ ਬੱਚਾ ਪੜ੍ਹ ਰਿਹਾ ਹੁੰਦਾ ਹੈ ਤੇ ਇਕ ਕਮਰੇ ਵਿਚ ਜ਼ਨਾਨੀਆਂ ਕੋਈ ਹੋਰ ਕੰਮ ਕਰਦੀਆਂ ਹੁੰਦੀਆਂ ਹਨ; ਪਰ ਜੇਕਰ ਬਿਜਲੀ ਦੀ ਬਚਤ ਹਿੱਤ ਸਭ ਇੱਕੋ ਕਮਰੇ ਵਿਚ ਬੈਠ ਕੇ ਆਪਣਾ ਆਪਣਾ ਕੰਮ ਕਰਨ ਤਾਂ ਇਸ ਦਾ ਕਾਫ਼ੀ ਲਾਭ ਹੋ ਸਕਦਾ ਹੈ, ਬਿਜਲੀ ਦਾ ਭੀ ਤੇ ਬਿਜਲੀ ਸੰਕਟ ਨੂੰ ਭੀ।

ਕੱਪੜੇ ਪ੍ਰੈੱਸ ਕਰਨਾ ਅੱਜ ਹਰ ਘਰ ਦੀ ਲੋੜ ਹੈ ਪਰ ਪ੍ਰੈੱਸ ਕਰਨ ਲਈ ਦੋ ਤਿੰਨ ਕੱਪੜਿਆਂ ਤੇ ਹੀ ਪ੍ਰੈੱਸ ਕਰਨ ਲਈ ਪ੍ਰੈੱਸ ਗਰਮ ਕਰਨ ਦੀ ਥਾਂ ਇਸ ਤਰ੍ਹਾਂ ਦਾ ਦਿਨ ਮਿਥਿਆ ਜਾਵੇ ਜਿਸ ਦਿਨ ਕਾਫ਼ੀ ਕੱਪੜੇ ਇਕੱਠੇ ਹੋਣ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਇਕ ਤਾਂ ਬਿਜਲੀ ਘੱਟ ਖਰਚ ਹੋਵੇਗੀ ਕਿਉਂਕਿ ਪਹਿਲਾਂ ਪ੍ਰੈੱਸ ਗਰਮ ਹੋਣ 'ਤੇ ਜੋ ਬਿਜਲੀ ਜਲਦੀ ਹੈ ਵਾਰ ਵਾਰ ਪ੍ਰੈੱਸ ਕਰਨ ਕਰ ਕੇ ਉਹ ਕਈ ਵਾਰ ਫ਼ਜ਼ੂਲ ਨਹੀਂ ਜਲੇਗੀ ਤੇ ਸਮਾਂ ਭੀ ਘੱਟ ਹੀ ਖ਼ਰਚ ਹੋਵੇਗਾ।

ਆਮ ਕਰਕੇ ਘਰਾਂ ਵਿਚ ਦੇਖਿਆ ਜਾਂਦਾ ਹੈ ਕਿ ਜਦੋਂ ਟੈਲੀਵਿਜ਼ਨ 'ਤੇ ਕੋਈ ਪਸੰਦ ਦਾ ਪ੍ਰੋਗਰਾਮ ਨਾ ਆ ਰਿਹਾ ਹੋਵੇ ਤਾਂ ਕਈ ਲੋਕੀਂ ਉਸ ਦੀ ਆਵਾਜ਼ ਬੰਦ ਕਰ ਦਿੰਦੇ ਹਨ ਤੇ ਪ੍ਰੋਗਰਾਮ ਚਲਦਾ ਰਹਿੰਦਾ

ਹੈ। ਇਸ ਤਰ੍ਹਾਂ ਕਰਨ ਨਾਲ ਬਿਜਲੀ ਤਾਂ ਜਲਦੀ ਹੀ ਰਹਿੰਦੀ ਹੈ। ਇਸ ਲਈ ਜਦੋਂ ਕੋਈ ਮਨਪਸੰਦ ਪ੍ਰੋਗਰਾਮ ਨਾ ਚਲਦਾ ਹੋਵੇ ਤਾਂ ਉਸ ਵੇਲੇ ਟੈਲੀਵਿਜ਼ਨ ਨੂੰ ਬੰਦ ਹੀ ਰੱਖਣਾ ਚਾਹੀਦਾ ਹੈ।

ਸਰਦੀ ਦੇ ਮੌਸਮ ਵਿਚ ਕਮਰਾ ਗਰਮ ਕਰਨ ਲਈ ਰੂਮ ਹੀਟਰ ਲਗਾ ਕੇ ਸੌਂ ਜਾਣਾ ਕਿਸੇ ਪੱਖੋਂ ਭੀ ਫਾਇਦੇਮੰਦ ਨਹੀਂ ਹੈ; ਸਗੋਂ ਇਹ ਨੁਕਸਾਨ-ਦਾਇਕ ਹੈ। ਇਸ ਲਈ ਰਾਤ ਨੂੰ ਹੀਟਰ ਚਲਾ ਕੇ ਨਹੀਂ ਸੌਣਾ ਚਾਹੀਦਾ। ਉਂਞ ਵੀ ਕਮਰਾ ਬੰਦ ਕਰਕੇ ਥੋੜ੍ਹੀ ਦੇਰ ਹੀਟਰ ਚਲਾ ਕੇ ਬੰਦ ਕਰ ਦੇਣਾ ਚਾਹੀਦਾ ਹੈ ਇਸ ਤਰ੍ਹਾਂ ਕਮਰੇ ਦੇ ਅੰਦਰ ਦਾ ਤਾਪਮਾਨ ਗਰਮ ਹੋ ਜਾਵੇਗਾ ਤੇ ਬਿਜਲੀ ਦਾ ਫ਼ਜ਼ੂਲ ਖ਼ਰਚ ਘਟ ਜਾਵੇਗਾ।

ਘਰਾਂ ਵਿਚ ਅੱਜਕਲ੍ਹ ਮਿਕਸੀਆਂ ਆਮ ਹਨ, ਇਹ ਬਿਜਲੀ ਭੀ ਕਾਫ਼ੀ ਖ਼ਰਚ ਕਰਦੀਆਂ ਹਨ। ਇਸ ਲਈ ਮਾਮੂਲੀ ਕੰਮਾਂ ਲਈ ਮਿਕਸੀ ਦੀ ਵਰਤੋਂ ਕਰਨ ਦੀ ਥਾਂ ਕੂੰਡੇ-ਸੋਟੇ ਜਾਂ ਹੋਰ ਸਾਧਨਾਂ ਦੀ ਵਰਤੋਂ ਭੀ ਕਰ ਲੈਣੀ ਚਾਹੀਦੀ ਹੈ। ਅਜਿਹਾ ਕਰਨ ਨਾਲ ਭੀ ਬਿਜਲੀ ਦੀ ਬਚਤ ਹੋ ਸਕਦੀ ਹੈ।

ਆਮ ਕਰਕੇ ਦੇਖਿਆ ਜਾਂਦਾ ਹੈ ਕਿ ਪਰਦਿਆਂ ਆਦਿ ਨਾਲ ਕਮਰੇ ਵਿਚ ਹਨੇਰਾ ਹੋ ਜਾਂਦਾ ਹੈ ਤੇ ਕਈ ਬਾਰੀਆਂ, ਰੋਸ਼ਨਦਾਨ ਭੀ ਨਹੀਂ ਖੋਹਲੇ ਜਾਂਦੇ ਅਤੇ ਕਮਰੇ ਅੰਦਰ ਰੋਸ਼ਨੀ ਲਈ ਤੇਜ਼ ਲਾਈਟ ਜਗਾਈ ਜਾਂਦੀ ਹੈ। ਇਸ ਲਈ ਜਿਨ੍ਹਾਂ ਥਾਵਾਂ 'ਤੇ ਰੋਸ਼ਨਦਾਨ ਤੇ ਖਿੜਕੀਆਂ ਖੋਹਲ ਕੇ ਪਰਦੇ ਹਟਾ ਕੇ ਦਿਨ ਸਮੇਂ ਧੁੱਪ ਦੀ ਲਾਈਟ ਪੁੱਜ ਸਕਦੀ ਹੋਵੇ, ਉਥੇ ਬਿਜਲੀ ਦੇ ਫ਼ਜ਼ੂਲ ਖ਼ਰਚ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ। ਰੋਜ਼ਾਨਾ ਅਖ਼ਬਾਰ ਚੜ੍ਹਦੀ ਕਲਾ (ਪਟਿਆਲਾ)

ਬਿਜਲੀ ਦੇ ਅਨੇਕਾਂ ਯੰਤਰਾਂ ਦਾ ਖਿਲਾਰਾ ਪਾਗਲਪਨ ਦਾ ਪ੍ਰਗਟਾਵਾ ਕਰ ਰਿਹਾ ਹੈ। ਪਿੰਗਲਵਾੜੇ ਦੇ ਛਾਪੇਖਾਨੇ ਲਈ ਬਿਜਲੀ ਤਾਂ ਹੀ ਮਿਲ ਸਕੇਗੀ ਜੇ ਬਿਜਲੀ ਦੇ ਯੰਤਰਾਂ ਦਾ ਮੂਰਖਤਾ ਭਰਿਆ ਖਿਲਾਰਾ ਸਮਾਪਤ ਹੋਵੇਗਾ। ਲੋਕ ਜਲਦੀ ਸੋਚ ਲੈਣ ਕਿ ਉਹਨਾਂ ਨੂੰ ਪਾਗਲਪਨ ਦਾ ਖਿਲਾਰਾ ਵਧਾਉਣ ਵਾਲੇ ਅਜਿਹੇ ਯੰਤਰ ਜ਼ਰੂਰੀ ਹਨ ਜਾਂ ਧਰਮ ਗ੍ਰੰਥਾਂ ਤੇ ਅਨੇਕਾਂ ਰੂਪਾਂ ਵਿਚ ਛਪ ਰਹੇ ਜ਼ਰੂਰੀ ਸਾਹਿਤ ਦਾ ਛਪਣਾ ਜ਼ਰੂਰੀ ਹੈ। ਬਿਜਲੀ ਭਾਵੇਂ ਪੱਥਰ ਦੇ ਕੋਇਲੇ ਨਾਲ ਪੈਦਾ ਹੋਵੇ ਤੇ ਭਾਵੇਂ ਡੈਮਾਂ ਦੇ ਪਾਣੀ ਦੇ ਜ਼ਖੀਰਿਆਂ ਤੋਂ, ਸਭਨੀਂ ਪਾਸੀਂ ਤਬਾਹੀ ਪੈਦਾ ਕਰਦੀ ਹੋਈ ਪੈਦਾ ਹੁੰਦੀ ਹੈ। —ਭਗਤ ਪੂਰਨ ਸਿੰਘ

ਕਿਨ੍ਹਾਂ ਲਈ ਹਨ ਪੰਜ ਤਾਰਾ ਹੋਟਲ

—ਐਮ ਸੀ ਭਾਰਦਵਾਜ

ਪੰਡਤ ਨਹਿਰੂ ਸ਼ਤਾਬਦੀ ਜਸ਼ਨਾਂ ਸਮੇਂ ਚੰਡੀਗੜ੍ਹ ਵਿਚ ਪੰਜਾਬ ਦੇ ਰਾਜਪਾਲ ਸ੍ਰੀ ਸਿਧਾਰਥ ਸ਼ੰਕਰ ਰੇਅ ਵਲੋਂ ਇਕ ਪੰਜ ਤਾਰਾ ਹੋਟਲ ਦਾ ਨੀਂਹ ਪੱਥਰ ਰੱਖਿਆ ਗਿਆ । ਇਹ ਹੋਟਲ ਦੋ ਸਾਲਾਂ ਵਿਚ ਬਣ ਜਾਵੇਗਾ। ਇਹ ੬ ਏਕੜ ਭੂਮੀ ਉਤੇ ੩੪ ਸੈਕਟਰ ਵਿਚ ਉਸਾਰਿਆ ਜਾ ਰਿਹਾ ਹੈ। ਬੁੱਧੀ ਜੀਵੀ ਲੋਕ ਅਕਸਰ ਗਵਰਨਰੀ ਦੇ ਅਹੁਦੇ ਨੂੰ ਸਫ਼ੈਦ ਹਾਥੀ ਭਾਵ ਜਨਤਾ ਉਤੇ ਨਿਰਾ ਬੋਝ ਹੀ ਦੱਸਦੇ ਹਨ ਜੋ ਸੌ ਫੀ ਸਦੀ ਸਹੀ ਹੈ। ਇਕ ਰਾਜਪਾਲ ਦਾ ਸਰਕਾਰੀ ਖ਼ਰਚਾ (ਅਮਲਾ ਫੈਲਾ ਪਾ ਕੇ) ਦਸ ਲੱਖ ਰੁਪਏ ਮਹੀਨੇ ਤੋਂ ਘੱਟ ਨਹੀਂ ਹੁੰਦਾ ਜੋ ਬਿਨਾਂ ਸ਼ੱਕ ਗ਼ਰੀਬ ਦੇਸ਼ ਵਾਸੀਆਂ ਉਤੇ ਭਾਰੀ ਬੋਝ ਹੁੰਦਾ ਹੈ। ਪਾਠਕਾਂ ਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਇੰਗਲੈਂਡ, ਹਾਲੈਂਡ, ਅਮਰੀਕਾ, ਫਰਾਂਸ ਜਾਂ ਰੂਸ ਵਰਗੇ ਅਮੀਰ ਦੇਸ਼ਾਂ ਵਿਚ ਵੀ ਐਨੇ ਵਧੀਆ ਹੋਟਲ ਨਹੀਂ ਜਿੰਨੇ ਆਪਣੇ ਦੇਸ਼ ਅੰਦਰ ਹਨ। ਹਰ ਕਮਰੇ ਵਿਚ ਕੀਮਤੀ ਫਰਨੀਚਰ ਤੇ ਮਨੋਰੰਜਨ ਦਾ ਸਮਾਨ ਰੱਖਿਆ ਜਾਂਦਾ ਹੈ। ਅੱਜ ਕੱਲ੍ਹ ੩੦੦ ਕਮਰਿਆਂ ਵਾਲੇ ਇਕ ਸਾਧਾਰਣ ਪੰਜ ਤਾਰਾ ਹੋਟਲ ਉਤੇ ਵੀ ਸੱਠ ਤੋਂ ਸੱਤਰ ਕਰੋੜ ਖ਼ਰਚ ਆ ਜਾਣਾ ਮਾਮੂਲੀ ਗੱਲ ਹੋਵੇਗੀ। ਸਵਾਲ ਇਹ ਹੈ ਕਿ ਇਹ ਸੱਤਰ ਕਰੋੜ ਰੁਪਏ ਕਿਥੋਂ ਆਉਣਗੇ ? ਕੀ ਪੰਜ ਤਾਰੇ ਹੋਟਲ ਦੀ ਸੱਚਮੁੱਚ ਹੀ ਐਨੀ ਸਖ਼ਤ ਲੋੜ ਸੀ ਕਿ ਇਸ ਤੋਂ ਬਿਨਾਂ ਚੰਡੀਗੜ੍ਹ ਵਾਸੀਆਂ ਦਾ, ਪੰਜਾਬੀਆਂ ਦਾ ਜਾਂ ਹਰਿਆਣਵੀਆਂ, ਹਿਮਾਚਲੀਆਂ ਦਾ ਸਰਨਾ ਨਹੀਂ ਸੀ ? ਜਿਥੋਂ ਤੀਕ ਸੱਤਰ ਅੱਸੀ ਕਰੋੜ ਖ਼ਰਚ ਦਾ ਸੰਬੰਧ ਹੈ ਇਹ ਪੈਸੇ ਬਿਨਾਂ ਸ਼ੱਕ ਭਾਰਤ ਸਰਕਾਰ ਆਪਣੇ ਸੈਰ ਸਪਾਟਾ ਵਿਭਾਗ ਦੇ ਬੱਜਟ ਵਿਚੋਂ ਖ਼ਰਚੇਗੀ ਜੋ ਸਰਕਾਰ ਅੱਗੇ ਦੇਸ਼ ਵਾਸੀਆਂ ਤੋਂ ਰੇਲ ਦੇ ਭਾੜੇ ਸਵਾਏ ਕਰਕੇ ਜਾਂ ਬੱਸਾਂ ਦੇ ਕਿਰਾਏ ਡਿਓਢੇ ਕਰਕੇ ਜਾਂ ਲਿਫ਼ਾਫ਼ੇ ਦੇ ਭਾਅ ਦੁੱਗਣੇ ਕਰਕੇ ਪੂਰੇ ਕਰ ਲਵੇਗੀ। ਇਸ ਕੰਮ ਵਿਚ ਸਰਕਾਰ ਨੂੰ ਕੋਈ ਅੜਿੱਚਣ ਵੀ ਆਈ ਤਾਂ ਇਟਲੀ ਜਾਂ ਸਵਿਟਜ਼ਰਲੈਂਡ ਦੀਆਂ ਫ਼ਰਮਾਂ ਨੂੰ ਬੇਨਤੀ

ਕਰ ਦੇਵੇਗੀ ਕਿ ਉਹ ਖੁਦ ਸਾਡੇ "ਏਸ਼ੀਆ ਬਿਊਟੀਫੁਲ" ਉਰਫ਼ ਚੰਡੀਗੜ੍ਹ ਵਿਚ ਆ ਕੇ ਆਪਣੇ ਕੋਲੋਂ ਸੀਮਿੰਟ, ਸਟੀਲ ਦਾ ਪ੍ਰਬੰਧ ਕਰਕੇ ਹੋਟਲ ਉਸਾਰ ਦੇਵੇ। ਇਸ ਤਰ੍ਹਾਂ ਜੋ ਉਨ੍ਹਾਂ ਦਾ ਖ਼ਰਚਾ ਆਵੇਗਾ ਉਹ ਅਸੀਂ ਹੌਲੀ ਹੌਲੀ ਵੀਹ ਪੰਝੀ ਸਾਲਾਂ ਅੰਦਰ ਵਿਆਜ ਸਮੇਤ ਉਤਾਰ ਦੇਵਾਂਗੇ। ਜਿਥੇ ਅਸੀਂ ਪਹਿਲਾਂ ੬੦,੦੦੦ ਕ੍ਰੋੜ ਰੁਪਏ ਲਾਹੁਣੇ ਹਨ, ਉਥੇ ੬੦ ਕਰੋੜ ਹੋਰ ਸਹੀ। ਚਲੋ ਪੈਸੇ ਦਾ ਤਾਂ ਜਿਵੇਂ ਕਿਵੇਂ ਪ੍ਰਬੰਧ ਹੋ ਜਾਵੇਗਾ ਪਰ ਸਮਝ ਵਿਚ ਇਹ ਨਹੀਂ ਆਇਆ ਕਿ ਚੰਡੀਗੜ੍ਹ ਵਾਲਿਆਂ ਦਾ ਪੰਜ-ਤਾਰਾ ਹੋਟਲ ਤੋਂ ਬਿਨਾਂ ਨੱਕ ਕਿਵੇਂ ਨਹੀਂ ਸੀ ਰਹਿੰਦਾ? ਚੰਡੀਗੜ੍ਹ ਵਿਚ ਤਾਂ ਡੂਢ-ਤਾਰੇ ਹੋਟਲ ਦੇ ਰੇਟ ਹੀ ਮਾਣ ਨਹੀਂ। ਚੰਡੀਗੜ੍ਹ 'ਚ ਪਹਿਲਾਂ ਹੀ ਅਣਗਿਣਤ ਮਹਿੰਗੇ ਰੈਸਤਰਾਂ ਤੇ ਹੋਟਲ ਹਨ। ਇਥੇ ਅਸੀਂ ਕਦੇ ਗਾਹਕ ਦੀ ਬਾਹਰ ਕਤਾਰ ਲੱਗੀ ਨਹੀਂ ਵੇਖੀ। ਰਾਜਪਾਲ ਨੇ ਪਤਾ ਨਹੀਂ ਕਿਹੜੀ ਦੂਰਬੀਨ ਨਾਲ ਇਨ੍ਹਾਂ ਹੋਟਲਾਂ ਅੱਗੇ ਖੜ੍ਹੀਆਂ ਕਤਾਰਾਂ ਵੇਖੀਆਂ ਕਿ ਉਨ੍ਹਾਂ ਨੂੰ ਕਹਿਣਾ ਪਿਆ ਕਿ ਇਥੇ ਇਕ ਨਵੇਂ ਪੰਜ-ਤਾਰਾ ਹੋਟਲ ਦੀ ਸਖ਼ਤ ਲੋੜ ਹੈ? ਪੰਜ ਤਾਰਾ ਹੋਟਲ ਦੇ ਉਦਘਾਟਨ ਦੀ ਖ਼ੁਸ਼ੀ ਵਿਚ ਤਾੜੀਆਂ ਮਾਰਨ ਤੋਂ ਪਹਿਲਾਂ ਚੰਗਾ ਹੋਵੇ ਜੇ ਇਹ ਵੀ ਫੈਸਲਾ ਕਰ ਲਈਏ ਕਿ ਅਜਿਹੇ ਹੋਟਲ ਦੀ ਉਸਾਰੀ ਖ਼ਾਤਰ ਮੰਗ ਕਿਨ੍ਹਾਂ ਨੇ ਕੀਤੀ ਸੀ? ਕੀ ਮੋਹਾਲੀ ਵਿਚ ਬਾਹਰੋਂ ਆ ਕੇ ਵੱਸੇ ਦੰਗਾ-ਪੀੜਤਾਂ ਦੀ ਮੰਗ ਸੀ ਕਿ ਉਜੜ ਕੇ ਆਉਣ ਪਿਛੋਂ ਉਨ੍ਹਾਂ ਦਾ ਸਾਧਾਰਣ ਕੁਆਰਟਰਾਂ 'ਚ ਦਿਲ ਨਹੀਂ ਲੱਗਦਾ, ਇਸ ਲਈ ਅਜਿਹਾ ਹੋਟਲ ਤੁਰੰਤ ਉਸਾ-ਰਿਆ ਜਾਣਾ ਚਾਹੀਦਾ ਹੈ। ਕੀ ਇਹ ਮੰਗ ਚੰਡੀਗੜ੍ਹ ਮੁਹਾਲੀ ਦੇ ਪੰਚਕੂਲਾ ਅੰਦਰ ਵੱਸਣ ਵਾਲੇ ਚਾਰ-ਪੰਜ ਲੱਖ ਕਰਮਚਾਰੀਆਂ ਨੇ ਕੀਤੀ ਸੀ ਕਿ ਪਹਿਲਾਂ ਹੀ ਸਥਿਤ ਹੋਟਲਾਂ 'ਚ ਅਕਸਰ ਜਾਣ ਆਉਣ ਕਰ ਕੇ ਉਨ੍ਹਾਂ ਦਾ ਮਨ ਉਕਤਾ ਗਿਆ ਹੈ, ਇਸ ਲਈ ਜ਼ਰੂਰੀ ਹੈ ਕਿ ਚੰਡੀਗੜ੍ਹ ਅੰਦਰ ਇਕ ਨਵਾਂ ਪੰਜ ਤਾਰਾ ਹੋਟਲ ਤੁਰੰਤ ਉਸਾਰਿਆ ਜਾਏ ਤੇ ਜੇ ਇਹ ਮੰਗ ਪੰਜਾਬ ਦੇ ਸਵਾ ਲੱਖ ਅਧਿਆਪਕਾਂ ਨਹੀਂ ਕੀਤੀ, ਵੀਹ ਹਜ਼ਾਰ ਸਿਪਾਹੀਆਂ ਨੇ ਨਹੀਂ ਕੀਤੀ, ਬਿਜਲੀ ਬੋਰਡ ਦੇ ੭੫ ਹਜ਼ਾਰ ਤਕਨੀਕੀ ਤੇ ਗ਼ੈਰ-ਤਕਨੀਕੀ ਕਾਮਿਆਂ ਨਹੀਂ ਕੀਤੀ ਤਾਂ

ਕੀ ਟਾਂਗੇ ਵਾਲਿਆਂ ਵਲੋਂ ਆਈ ਹੈ ? ਜਾਪਦਾ ਹੈ ਜਿਵੇਂ ਇਹ ਮੰਗ ਧਨਾਢ ਕਾਰਖ਼ਾਨੇਦਾਰਾਂ ਵਲੋਂ ਆਈ ਹੈ ਜਾਂ ਕੀ ਇਹ ਅਫ਼ਸਰਸ਼ਾਹੀ ਵਲੋਂ ਆਈ ਹੈ ? ਅਤੇ ਜੇ ਉਚ ਅਫਸਰਸ਼ਾਹੀ ਨੇ ਹੀ ਹੋਟਲ ਦੀ ਮੰਗ ਨਹੀਂ ਕੀਤੀ, ਧਨਾਢ ਵਪਾਰੀਆਂ ਅਤੇ ਹੋਰਾਂ ਵੀ ਇਸ ਦੀ ਮੰਗ ਨਹੀਂ ਕੀਤੀ, ਫਿਰ ਇਸ ਦੀ ਲੋੜ ਕਿਸ ਨੂੰ ਹੈ ? ਚੰਡੀਗੜ੍ਹ-ਮੁਹਾਲੀ ਜਾਂ ਪੰਚਕੂਲੇ ਅੰਦਰ ਵੱਸਣ ਵਾਲੇ ਹਿੰਦੁਸਤਾਨੀ ਇਹ ਗੱਲ ਚੰਗੀ ਤਰ੍ਹਾਂ ਜਾਣਦੇ ਹਨ ਕਿ ਚੰਡੀਗੜ੍ਹ ਅੰਦਰ ਸਾਧਾਰਣ ੧੦੦ ਗਜ਼ ਦਾ ਪਲਾਟ ਹੀ ਕਿੰਨੇ ਦਾ ਮਿਲਦਾ ਹੈ ਤੇ ਉਹ ਵੀ ਪੈਂਤੀ ਜਾਂ ਬਾਈ ਸੈਕਟਰ ਦੇ ਨਜ਼ਦੀਕ ਸਥਿਤ ੩੪ ਸੈਕਟਰ ਅੰਦਰ । ਇਹ ਪੰਜ ਤਾਰਾ ਹੋਟਲ ਨੇ ਤਾਂ ਸੁੱਖੀ-ਸਾਂਦੀ ਸਿਰਫ ੨੫,੦੦੦ (ਸਹੀ ਸਵਾ ਛੱਬੀ ਹਜ਼ਾਰ ਵਰਗ ਗਜ਼) ਵਾਲੀ ਜਗ੍ਹਾ ਹੀ ਮੱਲਣੀ ਹੈ। ਇਸ ਤੋਂ ਥੋੜ੍ਹੀ ਦੂਰ ਹੀ ੩੨ ਸੈਕਟਰ ਅੰਦਰ ਇਕ ਸਿਨੇਮਾ ਬਣਿਆ ਹੋਇਆ ਹੈ । ਮਾਲਕ ਨੇ ਸਿਨੇਮੇ ਦਾ ਪਲਾਟ ਹੀ ਪਚਾਸੀ ਲੱਖ ਦਾ ਖ਼ਰੀਦਿਆ ਸੀ ਤੇ ਉਪਰ ਸਵਾ ਕਰੋੜ ਵੱਖਰਾ ਲੱਗਾ। ਪਾਠਕ ਖੁਦ ਅੰਦਾਜ਼ਾ ਲਗਾ ਲੈਣ ਕਿ ਜਿਸ ਸ਼ਹਿਰ ਅੰਦਰ ਇਕ ਸਿਨੇਮਾ ਉਤੇ ਹੀ ਢਾਈ ਕਰੋੜ ਲੱਗ ਜਾਂਦਾ ਹੈ, ਉਥੇ ਪੰਜ ਤਾਰੇ ਹੋਟਲ ਉਤੇ ਕਿੰਨਾ ਖ਼ਰਚ ਆਵੇਗਾ ? ਵੈਸੇ ਜੇ ਸਰਕਾਰ ਚਾਹੁੰਦੀ ਤਾਂ ਇੰਨੀ ਮਾਇਆ ਨਾਲ ੬੦੦੦ ਮਕਾਨ (ਚਾਰ ਮੰਜ਼ਲੇ) ਵੀ ਉਸਾਰ ਸਕਦੀ ਸੀ ਜਿਸ ਸਦਕਾ ਤੀਹ ਹਜ਼ਾਰ ਤੋਂ ਵਧੇਰੇ ਲੋਕਾਂ ਨੂੰ ਸਿਰ ਲੁਕਾਉਣ ਲਈ ਜਗ੍ਹਾ ਮਿਲ ਜਾਂਦੀ। ਪਰ ਐਸਾ ਕਰੇ ਕੌਣ ? ਸਰਕਾਰ ਚਾਹੁੰਦੀ ਤਾਂ ਐਨੀ ਜਗ੍ਹਾ ਅੰਦਰ ਹੀ ਇਕ ਖ਼ੂਬਸੂਰਤ ਤਿੰਨ ਮੰਜ਼ਲੀ ਪਬਲਿਕ ਮਾਰਕੀਟ ਬਣਾ ਸਕਦੀ ਸੀ, ਭਾਵੇਂ ੧੫੦੦ ਦੁਕਾਨਾਂ ਖੜ੍ਹੀਆਂ ਕਰ ਲੈਂਦੀ ਜਿਸ ਨਾਲ ਮੁਹਾਲੀ ਤੇ ਦੂਜੇ ਸੈਕਟਰਾਂ ਨੂੰ ਸਹੂਲਤ ਹੋ ਜਾਂਦੀ, ਜਿਨ੍ਹਾਂ ਨੂੰ ਹਰ ਸ਼ੈਅ ਲਈ ਸਤਾਰਾਂ ਸੈਕਟਰ ਨੂੰ ਭੱਜਣਾ ਪੈਂਦਾ ਹੈ। ਇਵੇਂ ਹੀ ਜੇ ਸਰਕਾਰ ਚਾਹੁੰਦੀ ਤਾਂ ਸੱਠ ਜਾਂ ਸੱਤਰ ਕ੍ਰੋੜ ਰੁਪਏ ਨਾਲ ਮੁਹਾਲੀ ਦਾ (ਖਰੜ ਤੀਕ) ਸੜਕਾਂ ਵਾਲਾ ਨਰਕ ਧੋ ਸਕਦੀ ਸੀ । ਪਰ ਜਦੋਂ ਮੁਹਾਲੀ 'ਚ ਵੱਸਣ ਵਾਲੇ ਡੇਢ ਲੱਖ ਸ਼ਹਿਰੀਆਂ ਵਿਚੋਂ ਕਦੇ ਦੋ ਜਣਿਆਂ ਤਾਂ ਕਦੀ ਸੰਪਾਦਕ ਦੇ ਨਾਂ ਚਿੱਠੀ ਨਹੀਂ ਲਿਖੀ ਕਿ ਸੜਕਾਂ ਦਾ ਮਾੜਾ ਹਾਲ ਹੈ, ਫਿਰ ਸਰਕਾਰ ਭਲਾ

ਕਿਉਂ ਹੋਟਲ ਦੀ ਥਾਂ ਸੜਕਾਂ ਮੁਰੰਮਤ ਕਰਾਉਣ ਦੀ ਸੋਚੇ ! ਨਾਲੇ ਜਦੋਂ ਮੁਹਾਲੀ ਵਿਚ ਪੰਜ ਸੌ ਤੋਂ ਵਧੇਰੇ ਵੱਸਣ ਵਾਲੇ ਪ੍ਰੋਫੈਸਰ, ਵਕੀਲ, ਪੱਤਰਕਾਰ, ਲੇਖਕ ਤੇ ਹੋਰ ਬੁੱਧੀਜੀਵੀ ਮੱਗਾਂ ਨਾਲ ਪਾਣੀ ਦੀਆਂ ਬਾਲਟੀਆਂ ਭਰਨ ਵਿਚ ਹੀ ਮਸਤ ਰਹਿੰਦੇ ਹਨ ਤਾਂ ਸਰਕਾਰ ਨੂੰ ਕੀ ਪਈ ਹੈ ਕਿ ਉਹ ਪੰਜ ਤਾਰਾ ਹੋਟਲ ਦੀ ਥਾਂ ਮੁਹਾਲੀ ਲਈ ਬਿਜਲੀ-ਪਾਣੀ ਦਾ ਲੋੜੀਂਦਾ ਪ੍ਰਬੰਧ ਕਰਦੀ ਫਿਰੇ । ਨਾਲੇ ਜਦੋਂ ਚੰਡੀਗੜ੍ਹੀਏ ਧੁੱਪ-ਮੀਂਹ ਵਿਚ ਸੜਨ-ਮਰਨ ਦੇ ਆਦੀ ਹੋ ਚੁੱਕੇ ਹਨ ਤਾਂ ਅਫ਼ਸਰਸ਼ਾਹੀ ਬੱਸ ਸਟਾਪਾਂ ਉੱਤੇ ਸ਼ੈੱਡਾਂ ਦਾ ਪ੍ਰਬੰਧ ਕਿਉਂ ਕਰਦੀ ਫਿਰੇ ? ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਹਜ਼ਾਰਾਂ ਬੋਰੀਆਂ ਸੀਮਿੰਟ ਤੇ ਹਜ਼ਾਰਾਂ ਮਣ ਸਟੀਲ ਕਿਥੋਂ ਆਇਗਾ ਐਡੀ ਸ਼ਹਿਨਸ਼ਾਹੀ ਇਮਾਰਤ ਉਸਾਰਨ ਖ਼ਾਤਰ ? ਵੈਸੇ ਜਿੱਥੇ ਪਹਿਲਾਂ ਹੀ ਆਲੀਸ਼ਾਨ ਹੋਟਲ ਉਸਰੇ ਹਨ, ਉਥੇ ਕਿਹੜਾ ਕਿ ਹੋਰ ਜੋਗਾ ਸੀਮਿੰਟ ਸਟੀਲ ਨਹੀਂ ਮਿਲੇਗਾ ? ਨਾਲੇ ਦੇਸੀ ਸੀਮਿੰਟ, ਸਟੀਲ ਜ਼ਰੂਰ ਵਰਤਣਾ ਹੈ, ਬਾਸਮਤੀ ਦੇ ਪੰਜਾਹ ਜਹਾਜ਼ ਭੇਜ ਕੇ ਇੰਗਲੈਂਡ ਤੋਂ ਪੋਰਟਲੈਂਡ ਦੇ ਪੱਥਰ (ਸੀਮਿੰਟ) ਦੇ ਪੰਜ ਜਹਾਜ਼ ਨਹੀਂ ਮੰਗਵਾ ਸਕਦੀ ਸਰਕਾਰ ? ਖ਼ੈਰ ! ਸਰੀਆ ਤੇ ਸੀਮਿੰਟ ਭਾਵੇਂ ਦੇਸੀ ਲੱਗੇ ਜਾਂ ਵਿਦੇਸ਼ੀ, ਅੱਧੇ ਚੰਡੀਗੜ੍ਹ ਵਿਚ ਪਾਣੀ ਦਾ ਕਾਲ ਜ਼ਰੂਰ ਪੈ ਜਾਇਗਾ । ਬਾਹਰੋਂ ਆਉਣ ਵਾਲੇ ਮਹਿਮਾਨਾਂ ਦੀ ਟਹਿਲ ਸੇਵਾ ਲਈ ਤਾਂ ਸਰਦ ਤੇ ਕੋਸੇ ਪਾਣੀ ਦੀ ਲੋੜ ਪੂਰੀ ਕਰਨੀ ਹੀ ਚਾਹੀਦੀ ਹੈ । ਹੋਟਲ ਦੇ ਆਲੇ ਦੁਆਲੇ ਵੱਡੇ ਵੱਡੇ ਬਾਗੀਚੇ ਵੀ ਤਾਂ ਬਣਾਏ ਜਾਣਗੇ ਜਿਥੇ ਰਾਤ ਦਿਨ ਫੁਹਾਰੇ ਚਲਦੇ ਰਿਹਾ ਕਰਨਗੇ, ਜੋ ਆਲੇ ਦੁਆਲੇ ਆਮ ਲੋਕਾਂ ਨੂੰ ਵੇਖਣੇ ਨਸੀਬ ਨਹੀਂ ਹੋਣੇ ! ਅਖੀਰ ਜਿਨ੍ਹਾਂ ਹਜ਼ਾਰ ਹਜ਼ਾਰ ਰੁਪਏ ਇਕ ਕਮਰੇ ਦਾ ਰਾਤ ਦਾ ਭਰਨਾ ਹੈ, ਉਨ੍ਹਾਂ ਲਈ ਹਰ ਪ੍ਰਕਾਰ ਦੀਆਂ ਸਹੂਲਤਾਂ ਦਾ ਪ੍ਰਬੰਧ ਕਰਨਾ ਵੀ ਤਾਂ ਜ਼ਰੂਰੀ ਹੈ । ਜੇ ਸਰਕਾਰ ਚਾਹੁੰਦੀ ਤਾਂ ਇੰਨੀ ਰਕਮ ਨਾਲ ੨੫ ਹਜ਼ਾਰ ਗੱਭਰੂਆਂ ਨੂੰ ਬਰਸਰੇ ਰੁਜ਼ਗਾਰ ਕਰਨ ਲਈ ਉਪਰਾਲਾ ਵੀ ਕਰ ਸਕਦੀ ਸੀ । ਚੰਡੀਗੜ੍ਹ ਅੰਦਰ ਵਿਦੇਸ਼ੀ ਟੂਰਿਸਟ ਭਾਵੇਂ ਢੂੰਡਿਆਂ ਮਿਲੇ, ਫਿਰ ਵੀ ਇਥੇ ਪੰਜ ਤਾਰੇ ਹੋਟਲ ਦੀ ਸਖ਼ਤ ਲੋੜ......?

(ਪੰਜਾਬੀ ਟ੍ਰਿਬਿਊਨ, ੭-੧੨-੮੯ ਵਿਚੋਂ ਧੰਨਵਾਦ ਸਹਿਤ)

ਅਸੀਂ ਭੁੱਲ ਗਏ ਹਾਂ ਕਿਰਤ ਕਰਨੀ ਤੇ ਵੰਡ ਕੇ ਛਕਣਾ

— ਰਾਜ ਪਾਲ ਸਿੰਘ

ਕਿਰਤ ਤਾਂ ਅਸੀਂ ਸਾਰੇ ਕਰਦੇ ਹਾਂ, ਪਰ ਵਿਚਾਰਨ ਵਾਲੀ ਗੱਲ ਇਹ ਹੈ ਕਿ ਜਿਸ ਤਰ੍ਹਾਂ ਦੀ ਕਿਰਤ ਸਾਨੂੰ ਗੁਰੂ ਪਾਤਿਸ਼ਾਹ ਨੇ ਸੁਲਤਾਨ ਪੁਰ ਮੋਦੀਖ਼ਾਨੇ ਵਿਚ ਆਪ ਕਰਕੇ ਦਿਖਾਈ ਤੇ ਸਾਨੂੰ ਕਰਨ ਨੂੰ ਸਮਝਾਈ ਸੀ, ਉਸ ਵੱਲ ਅਸੀਂ ਕਿੰਨਾ ਕੁ ਧਿਆਨ ਦਿੰਦੇ ਹਾਂ ? ਗੁਰਮਤਿ ਦੇ ਮਹਾਨ ਵਿਆਖਿਆਕਾਰ ਭਾਈ ਸਾਹਿਬ ਭਾਈ ਗੁਰਦਾਸ ਜੀ ਆਪਣੀ ਪਹਿਲੀ ਵਾਰ ਵਿਚ ਗੁਰੂ-ਤਰੀਕੇ ਅਨੁਸਾਰ ਕਿਰਤ ਬਾਰੇ ਇਉਂ ਲਿਖਦੇ ਹਨ :

ਚਉਰਾਸੀਹ ਲਖ ਜੋਨਿ ਵਿਚਿ ਉਤਮੁ ਜਨਮੁ ਸੁ ਮਾਣਸਿ ਦੇਹੀ।
ਅਖੀ ਵੇਖਣੁ ਕਰਨਿ ਸੁਣਿ ਮੁਖਿ ਸੁਭਿ ਬੋਲਣਿ ਬਚਨ ਸਨੇਹੀ।
ਹਥੀ ਕਾਰ ਕਮਾਵਣੀ ਪੈਰੀ ਚਲਿ ਸਤਿਸੰਗਿ ਮਿਲੇਹੀ।
ਕਿਰਤਿ ਵਿਰਤਿ ਕਰਿ ਧਰਮ ਦੀ ਖਟਿ ਖਵਾਲਣੁ ਕਾਰਿ ਕਰੇਹੀ।

ਇਨ੍ਹਾਂ ਉਪਰਲੀਆਂ ਪੰਗਤੀਆਂ ਅਤੇ :

'ਘਾਲਿ ਖਾਇ ਸੁਕ੍ਰਿਤ ਕਰੈ'

ਤੋਂ ਸਪੱਸ਼ਟ ਹੁੰਦਾ ਹੈ ਕਿ ਅਸੀਂ ਉਪਜੀਵਕਾ ਲਈ ਜੋ ਵੀ ਕਿਰਤ ਕਰਨੀ ਹੈ, ਉਹ ਮਿਹਨਤ ਨਾਲ ਖੱਟ ਕੇ, ਧਰਮ ਦੀ ਕਿਰਤ ਕਰਨੀ ਹੈ। ਇਸ ਗੁਰੂ ਆਸ਼ੇ ਨੂੰ ਸਾਹਮਣੇ ਰੱਖਦਿਆਂ ਜੇ ਅਸੀਂ ਆਪੋ ਆਪਣੀ ਕਿਰਤ ਵੱਲ ਝਾਤ ਮਾਰੀਏ ਕਿ ਕਿਰਤ ਕਰਦਿਆਂ ਕਿਧਰੇ ਅਸੀਂ ਧਰਮ ਦਾ ਲੜ ਤਾਂ ਨਹੀਂ ਛੱਡ ਰਹੇ ? ਕਿਧਰੇ ਝੂਠ ਚਲਾਕੀ, ਹੇਰਾ-ਫੇਰੀ, ਬੇਈਮਾਨੀ, ਰਿਸ਼ਵਤ ਅਤੇ ਮਿਲਾਵਟ ਆਦਿ ਕਰ ਕਰ ਕੇ ਆਪਣੀ ਬਿਰਤੀ ਪਾਸਕੂ ਵਾਲੀ ਤਾਂ ਨਹੀਂ ਬਣਾ ਲਈ ਹੈ ਜਾਂ ਬਣਾ ਰਹੇ ਹਾਂ ? ਜ਼ਿੰਦਗੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਮਾਇਆ ਦਾ ਹੋਣਾ ਜ਼ਰੂਰੀ ਹੈ, ਜਿਸ ਕਰਕੇ ਹੀ ਗੁਰੂ ਪਾਤਿਸ਼ਾਹ ਨੇ 'ਮਾਇਆ ਗੁਜ਼ਰਾਨ' ਕਿਹਾ ਸੀ। ਧਰਮ ਦੀ ਕਿਰਤ ਨਾਲ ਗੁਜ਼ਰਾਨ ਜੋਗੀ ਮਾਇਆ ਪ੍ਰਾਪਤ ਕਰਨੀ

ਜਾਇਜ਼ ਹੈ। ਪਰ ਜੇ ਬੈਂਕਾਂ ਦੇ ਖਾਤੇ ਭਰਨੇ ਹੋਣ (ਵਧਾਉਣੇ ਹੋਣ) ਤਾਂ ਉਸ ਲਈ ਪਾਪਾਂ ਭਰੀ ਕਿਰਤ ਕਰਨੀ ਹੀ ਪੈਣੀ ਹੈ। ਇਸ ਪਰਥਾਏ ਗੁਰੂ ਵਾਕ ਵੀ ਹੈ :

ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥ (ਪੰਨਾ ੪੧੭)

ਝੂਠ ਬੋਲ ਬੋਲ ਕੇ ਅਤੇ ਹੋਰ ਕਈ ਤਰ੍ਹਾਂ ਦੇ ਪਾਪਾਂ ਨਾਲ ਮਾਇਆ ਇਕੱਠੀ ਕਰਨ ਵਾਲਿਆਂ ਨੂੰ ਸਮਝਾਉਂਦਿਆਂ ਗੁਰੂ ਪਾਤਿਸ਼ਾਹ ਕਹਿੰਦੇ ਹਨ :

ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥
ਸੁਤ ਦਾਰਾ ਪਹਿ ਆਨਿ ਲੁਟਾਵੈ ॥ ੧ ॥
ਮਨ ਮੇਰੇ ਭੂਲੇ ਕਪਟੁ ਨ ਕੀਜੈ ॥
ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥ ੧ ॥ ਰਹਾਉ ॥
ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ ॥
ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ ॥ (ਪੰ. ੬੫੬)

ਅਰਥਾਤ—ਹੇ ਮੇਰੇ ਭੁੱਲੇ ਹੋਏ ਮਨ। (ਰੋਜ਼ੀ ਦੀ ਖ਼ਾਤਰ ਕਿਸੇ ਨਾਲ) ਧੋਖਾ ਫਰੇਬ ਨਾ ਕਰਿਆ ਕਰ। ਕਿਉਂਕਿ ਆਖਰ ਨੂੰ (ਇਨ੍ਹਾਂ ਮੰਦੇ ਕਰਮਾਂ ਦਾ) ਲੇਖਾ ਤੇਰੀ ਆਪਣੀ ਜ਼ਿੰਦ ਤੋਂ ਹੀ ਲਿਆ ਜਾਣਾ ਹੈ। ਕਈ ਤਰ੍ਹਾਂ ਦੀਆਂ ਠੱਗੀਆਂ ਕਰਕੇ ਤੂੰ ਪਰਾਇਆ ਮਾਲ ਘਰ ਲਿਆਉਂਦਾ ਹੈਂ ਅਤੇ ਲਿਆ ਕੇ ਆਪਣੇ ਤੇ ਵਹੁਟੀ ਦੇ ਹਵਾਲੇ ਕਰ ਦਿੰਦਾ ਹੈਂ। (ਵੇਖ ! ਇਨ੍ਹਾਂ ਠੱਗੀਆਂ ਵਿਚ) ਸਹਿਜੇ ਸਹਿਜੇ ਤੇਰਾ ਆਪਣਾ ਸਰੀਰ ਕਮਜ਼ੋਰ ਹੁੰਦਾ ਜਾ ਰਿਹਾ ਹੈ; ਬੁਢੇਪੇ ਦੀਆਂ ਨਿਸ਼ਾਨੀਆਂ ਆ ਰਹੀਆਂ ਹਨ। (ਜਦੋਂ ਤੂੰ ਬੁੱਢਾ ਹੋ ਗਿਆ ਤੇ ਹਿਲਣ ਜੋਗਾ ਨਾ ਰਿਹਾ) ਉਦੋਂ (ਇਨ੍ਹਾਂ ਵਿਚੋਂ, ਜਿਨ੍ਹਾਂ ਦੀ ਖ਼ਾਤਰ ਤੂੰ ਠੱਗੀ ਮਾਰਦਾ ਰਿਹਾ ਹੈਂ) ਕਿਸੇ ਨੇ ਤੇਰੇ ਬੁਕ ਵਿਚ ਪਾਣੀ ਵੀ (ਖ਼ੁਸ਼ੀ ਨਾਲ) ਨਹੀਂ ਪਾਉਣਾ।

ਪ੍ਰਿੰ: ਸਾਹਿਬ ਸਿੰਘ ਜੀ ਇਹ ਅਰਥ ਕਰਕੇ ਥੱਲੇ ਨੋਟ ਦਿੰਦਿਆਂ ਲਿਖਦੇ ਹਨ, "ਕਾਰ ਵਿਹਾਰ ਵਿਚ ਠੱਗੀ ਕਰਨੀ ਭਾਰੀ ਮੂਰਖਤਾ ਹੈ। ਜਿਨ੍ਹਾਂ ਪੁੱਤਰ ਇਸਤਰੀ ਆਦਿ ਲਈ ਮਨੁੱਖ ਠੱਗੀ ਚੋਰੀ ਕਰਦਾ ਹੈ,

ਅੰਤ ਵੇਲੇ ਸਾਥ ਨਿਭਾਉਣਾ ਤਾਂ ਕਿਤੇ ਰਿਹਾ, ਬੁਢੇਪਾ ਆਇਆਂ ਹੀ ਉਹ ਖ਼ੁਸ਼ ਹੋ ਕੇ ਪਾਣੀ ਦਾ ਘੁੱਟ ਵੀ ਨਹੀਂ ਦਿੰਦੇ।" ਸ੍ਰੀ ਗੁਰੂ ਨਾਨਕ ਪਾਤਿਸ਼ਾਹ ਸੁਲਤਾਨਪੁਰ ਜਦ 'ਮੋਦੀ' ਦੇ ਰੂਪ ਵਿਚ ਕੰਮ ਕਰਦੇ ਹੁੰਦੇ ਸਨ ਤਾਂ ਇਕ ਵਾਰ ਪਿਤਾ ਕਾਲੂ ਜੀ ਨੇ ਆ ਕੇ ਪੁੱਛਿਆ ਕਿ ਕਿੰਨੀ ਕੁ ਮਾਇਆ ਜੋੜੀ ਹੈ ? ਆਪ ਨੇ ਉੱਤਰ ਦਿੰਦਿਆਂ ਕਿਹਾ ਕਿ ਪਿਤਾ ਜੀ! ਮਾਇਆ ਮੇਰੇ ਹੱਥਾਂ ਵਿਚ ਟਿਕਦੀ ਨਹੀਂ। ਇਧਰੋਂ ਆਉਂਦੀ ਹੈ ਤੇ ਉਧਰ (ਗ਼ਰੀਬ ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਕਰਨ 'ਤੇ ਖਰਚ ਹੋ ਜਾਂਦੀ ਹੈ। ਮਲਕ ਭਾਗੋ ਨੂੰ ਸਮਝਾਉਂਦਿਆਂ ਗੁਰੂ ਪਾਤਿਸ਼ਾਹ ਨੇ ਕਿਹਾ ਸੀ ਕਿ ਕਿੱਕਰ ਦੇ ਬੀਜ ਨੂੰ ਕੰਡੇ ਨਹੀਂ ਹੁੰਦੇ ਪਰ ਜਦੋਂ ਉਹ ਬੀਜ ਦਿਓ, ਬੂਟਾ ਉੱਗ ਪਏ ਤਾਂ ਕੰਡੇ ਤੇ ਸੂਲਾਂ ਨਿਕਲ ਆਉਂਦੀਆਂ ਹਨ। ਕੁਝ ਇਸੇ ਤਰ੍ਹਾਂ ਹੀ ਦੂਜੇ ਦਾ ਹੱਕ ਮਾਰ ਕੇ ਬੇਈਮਾਨੀ ਦੀ ਕਮਾਈ, ਝੂਠ, ਹੇਰਾ ਫੇਰੀ ਜਾਂ ਰਿਸ਼ਵਤ ਦੀ ਕਮਾਈ ਨਾਲ ਇਕੱਠਾ ਕੀਤਾ ਧਨ ਅਤੇ ਅੱਗੇ ਉਸ ਧਨ ਨਾਲ ਇਕੱਠੇ ਕੀਤੇ ਪਦਾਰਥ ਵੇਖਣ ਨੂੰ ਦੁਖਦਾਈ ਨਹੀਂ ਪ੍ਰਤੀਤ ਹੁੰਦੇ, ਪਰ ਜਦੋਂ ਖਾਧੇ ਜਾਂਦੇ ਹਨ, ਵਰਤੋਂ ਵਿਚ ਲਿਆਏ ਜਾਂਦੇ ਹਨ ਤਾਂ ਉਹ ਦੁੱਖ ਦਿੰਦੇ ਹਨ, ਦੁੱਖ ਦਾ ਕਾਰਨ ਬਣਦੇ ਹਨ। ਅਜਿਹੇ ਪਦਾਰਥਾਂ ਦੇ ਖਾਣ ਵਾਲੇ ਦਾ ਮਨ (ਹਿਰਦਾ) ਮੈਲਾ ਹੋ ਜਾਂਦਾ ਹੈ। ਫਿਰ ਮੈਲੇ ਮਨ ਦੇ ਫੁਰਨੇ ਵਿਚਾਰ ਮੈਲੇ ਅਤੇ ਮੈਲੇ ਵਿਚਾਰਾਂ ਨਾਲ ਕੀਤੇ (ਗੰਦੇ) ਕਰਮ (ਕੰਮ) ਵੀ ਮੈਲੇ ਤੇ ਫਿਰ ਇਸ ਮੈਲੇ ਮਨ ਵਿਚ ਪ੍ਰਭੂ ਦੀ ਯਾਦ ਕਿੱਥੇ ? ਪ੍ਰਭੂ ਦਾ ਸਿਮਰਨ ਕਿੱਥੇ ? ਗੁਰੂ ਸਾਹਿਬ ਕਹਿੰਦੇ ਹਨ :

ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥
(ਪੰਨਾ ੫੫੮)

ਭਾਵ—ਜਿਸ ਦਾ ਮਨ ਮੈਲਾ ਹੈ ਉਸ ਦਾ ਸਭ ਕਿਛ (ਸਭ ਕੰਮ) ਮੈਲਾ ਅਤੇ ਨਿਰਾ ਤਨ ਧੋਣ ਨਾਲ (ਤੀਰਥਾਂ ਉੱਤੇ) ਮਨ ਸਾਫ਼ ਨਹੀਂ ਹੁੰਦਾ। ਜਿਵੇਂ :

ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ॥ (ਪੰ: ੬੧)

ਅਤੇ

ਤੀਰਥ ਨਾਇ ਨ ਉਤਰਸਿ ਮੈਲੁ ॥ (ਪੰਨਾ ੮੯੦)

ਅਤੇ

ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ ॥ (ਪੰ: ੪੮੪)

ਵਰਗੇ ਅਨੇਕ ਗੁਰ ਵਾਕ ਸਾਡੀ ਅਗਵਾਈ ਲਈ ਗੁਰਬਾਣੀ 'ਚ ਲਿਖੇ ਮਿਲਦੇ ਹਨ ਜਿਨ੍ਹਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਨਿਰਾ ਬਾਹਰ ਸਰੀਰ ਦੇ ਇਸ਼ਨਾਨ ਕਰਨ ਨਾਲ ਮਨ ਦੀ ਮੈਲ ਨਹੀਂ ਧੋਤੀ ਜਾ ਸਕਦੀ। ਗੁਰੂ ਮਹਾਰਾਜ ਪੰਨਾ ੧੪੦ ਉਤੇ ਲਿਖਦੇ ਹਨ :

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥ (ਪੰ: ੧੪੦)

ਭਾਵ—ਜੇ ਜਾਮੇ (ਕੱਪੜੇ) ਨੂੰ ਲਹੂ ਲੱਗ ਜਾਵੇ ਤਾਂ ਉਹ ਪਲੀਤ (ਗੰਦਾ) ਹੋ ਜਾਂਦਾ ਹੈ ਤੇ ਉਸ ਪਲੀਤ ਗੰਦੇ ਲਹੂ ਲੱਗੇ ਕੱਪੜੇ ਨਾਲ ਨਿਮਾਜ਼ ਨਹੀਂ ਪੜ੍ਹੀ ਜਾ ਸਕਦੀ। (ਰੱਬ ਦਾ ਨਾਂ ਨਹੀਂ ਲਿਆ ਜਾ ਸਕਦਾ) ਪਰ ਜੋ ਬੰਦੇ ਮਨੁੱਖਾਂ ਦਾ ਲਹੂ ਪੀਂਦੇ ਹਨ (ਭਾਵ ਧੱਕਾ ਕਰਕੇ ਹਰਾਮ ਦੀ, ਠੱਗੀ ਦੀ ਕਮਾਈ ਰਿਸ਼ਵਤ ਖਾਂਦੇ ਹਨ) ਉਨ੍ਹਾਂ ਦੇ ਮਨ ਕਿਸ ਤਰ੍ਹਾਂ ਪਾਕਿ (ਸਾਫ਼ ਪਵਿੱਤਰ) ਰਹਿ ਸਕਦੇ ਹਨ ? (ਭਾਵ ਉਹ ਮਨ ਪਵਿੱਤਰ ਨਹੀਂ ਰਹਿ ਸਕਦੇ ਅਤੇ ਇਸ ਤਰ੍ਹਾਂ ਅਪਵਿੱਤਰ ਮਨ ਨਾਲ ਪੜ੍ਹੀ ਨਿਮਾਜ਼ (ਰੱਬ ਦਾ ਨਾਂ ਲੈਣਾ) ਕਿਵੇਂ ਪ੍ਰਵਾਨ ਹੋ ਸਕਦਾ ਹੈ ? ਭਾਵ ਨਹੀਂ ਹੋ ਸਕਦਾ। ਇਸ ਕਰਕੇ ਗੁਰੂ ਪਾਤਿਸ਼ਾਹ ਸਾਨੂੰ ਸਮਝਾਉਂਦਿਆਂ ਕਹਿੰਦੇ ਹਨ :—

ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ ॥
ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ ॥ ਪੰ: ੧੪੦)

ਭਾਵ—ਹੇ ਨਾਨਕ ! ਰੱਬ ਦਾ ਨਾਂ ਮੂੰਹੋਂ ਸਾਫ਼ ਦਿਲ ਨਾਲ ਲੈ। ਇਸ ਤੋਂ ਬਗੈਰ ਹੋਰ (ਧਰਮ ਦੇ) ਕੰਮ ਦੁਨੀਆਂ ਵਾਲੇ ਦਿਖਾਵੇ ਦੇ ਹੀ ਹਨ ਜਿਨ੍ਹਾਂ ਦਾ ਕੋਈ ਲਾਭ ਨਹੀਂ।

ਇਸ ਤਰ੍ਹਾਂ ਗਲਤ ਕਮਾਈ ਕਰ ਕਰ ਕੇ ਬਣੇ ਅਮੀਰ ਦਿਖਾਵੇ ਦੇ ਧਾਰਮਿਕ ਕੰਮ, ਅਖੰਡ ਪਾਠ ਕਰਵਾਉਣ, ਲੰਗਰ ਆਦਿ ਵਿਚ ਅਧਿੱਕ ਧਨ-ਪਦਾਰਥ ਦੇਣਾ, ਧਾਰਮਿਕ ਅਸਥਾਨਾਂ ਵਿਚ ਕਮਰੇ ਪਵਾ ਕੇ ਆਪਣੇ ਨਾਂ ਦੇ ਪੱਥਰ (ਸਿਲਾਂ) ਲਗਵਾ ਕੇ ਜੋ ਸਮਝਦੇ ਹੋਣ ਕਿ ਉਨ੍ਹਾਂ ਦੀ ਮਾਇਆ ਸਫ਼ਲ ਹੋ ਰਹੀ ਹੈ ਜਾਂ ਉਹ ਪੁੰਨ ਖੱਟ ਰਹੇ ਹਨ ਤਾਂ ਉਨ੍ਹਾਂ ਨੂੰ ਗੁਰੂ ਪਾਤਿਸ਼ਾਹ ਦੇ ਕਹੇ ਬੋਲ ਚੇਤੇ ਕਰਾਉਂਦੇ ਹਨ।

ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥ ਪੰਨਾ ੧੪੧)

ਭਾਵ -ਹਰਾਮ ਦੇ ਮਾਲ ਵਿਚ (ਗੱਲਾਂ ਬਾਤਾਂ ਜਾਂ ਬਹਿਸ ਆਦਿ ਕਰਨ ਦੇ) ਮਸਾਲੇ ਪਾਉਣ ਨਾਲ ਉਹ ਹੱਕ ਦਾ ਮਾਲ ਨਹੀਂ ਬਣ ਜਾਂਦਾ। ਗੁਰੂ ਸਾਹਿਬ ਜਿੱਥੇ ਕਹਿੰਦੇ ਹਨ:

ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥ (ਪੰਨਾ ੧੨੪੫)

ਭਾਈ ਸਾਹਿਬ ਕਾਨ੍ਹ ਸਿੰਘ ਜੀ ਨਾਭਾ ਇਸ ਦੇ ਅਰਥ ਕਰਦੇ ਹਨ, ਕਿ ਜੋ ਮਿਹਨਤ ਨਾਲ ਕਮਾਉਂਦੇ ਹਨ। (ਧਰਮ ਦੀ ਕਿਰਤ ਕਰਦੇ) ਅਤੇ ਆਪਣੀ ਉਸ ਕਮਾਈ ਵਿਚੋਂ ਵਾਹਿਗੁਰੂ ਅਰਥ (ਦਸਵੰਧ) ਦਿੰਦੇ ਹਨ ਉਹ ਸੱਚੇ ਰਸਤੇ ਦੇ ਜਾਣਨ ਵਾਲੇ ਹਨ।

ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥ (ਪੰਨਾ ੪੭੨)

ਭਾਵ-ਗੁਰੂ ਸਾਹਿਬ ਕਹਿੰਦੇ ਹਨ ਕਿ ਅੱਗੇ ਤਾਂ ਮਨੁੱਖ ਨੂੰ ਉਹੋ ਕੁਝ ਮਿਲਦਾ ਹੈ ਜੋ ਖੱਟਦਾ ਹੈ—ਕਮਾਉਂਦਾ ਹੈ ਤੇ (ਹੱਥੀਂ) ਦਿੰਦਾ ਹੈ। ਕਿਸੇ ਦਾ ਅਪੜਾਇਆ ਨਹੀਂ ਮਿਲਦਾ।

ਗੁਰਪ੍ਰਤਾਪ ਸੂਰਜ ਅਨੁਸਾਰ :

ਧਰਮ ਕਿਰਤ ਕਰਿ ਦਰਬ ਕਮਾਵੈ
ਬਾਂਟ ਅਤਿਥਿਨ ਕੋ ਪੁਨ ਖਾਵੈ ॥

ਰਹਤਨਾਮਾ (ਭਾ: ਦੇਸਾ ਸਿੰਘ) ਅਨੁਸਾਰ :

ਦਸ ਨਖ ਕਰ ਜੋ ਕਾਰ ਕਮਾਵੈ, ਤਾਂ ਕਰ ਜੋ ਧਨ ਘਰ ਮੈ ਆਵੈ ॥
ਤਿਸ ਤੇ ਗੁਰ ਦਸੌਂਧ ਜੋ ਦੇਈ, ਸਿੰਘ ਸੁਜਸ ਬਹੁ ਜਗ ਮਹਿ ਲਈ ॥

ਇਸ ਤਰ੍ਹਾਂ ਗੁਰਦੁਆਰਿਆਂ ਅਤੇ ਹੋਰ ਧਾਰਮਿਕ ਅਸਥਾਨਾਂ ਜਾਂ ਧਰਮ ਕਾਰਜਾਂ ਲਈ ਸੇਵਾ ਦੇਣੀ ਅਤੇ ਲੰਗਰ ਆਦਿ ਵਿਚ ਯੋਗ ਸੇਵਾ ਪਾਉਣੀ ਬੜੀ ਚੰਗੀ ਤੇ ਜ਼ਰੂਰੀ ਗੱਲ ਹੈ ਪਰ ਜੇ ਨੇਕ ਕਮਾਈ ਵਿਚੋਂ ਪਾਈ (ਕੀਤੀ) ਜਾਏ ਤਾਂ। ਇਹ ਗੁਰੂ ਪਾਤਿਸ਼ਾਹ ਦੀ ਹੀ ਹਿੰਮਤ ਸੀ ਜਿਨ੍ਹਾਂ ਨੇ ਮਲਕ ਭਾਗੋ ਦੇ ਅਯੋਗ ਤਰੀਕੇ ਨਾਲ ਕਮਾਏ ਧਨ ਨੂੰ ਸਭ ਦੇ ਸਾਹਮਣੇ ਭੰਡਿਆ ਅਤੇ ਨੇਕ ਕਮਾਈ ਕਰਨ ਵਾਲੇ ਭਾਈ ਲਾਲੋ ਨੂੰ ਸਤਿਕਾਰਿਆ ਅਤੇ ਸਾਨੂੰ ਯੋਗ ਸੇਧ ਦਿੱਤੀ ਜਿਸ ਦਾ ਸਦਕਾ ਸਾਡੇ ਪੁਰਾਤਨ ਸਿੰਘ ਆਗੂ ਪ੍ਰਬੰਧਕ ਜਿਥੇ ਧਰਮ ਕਾਰਜਾਂ ਲਈ ਮਾਇਆ ਦੀ ਅਪੀਲ ਸਮੇਂ ਨੇਕ ਕਮਾਈ ਵਿਚੋਂ, ਧਰਮ ਦੀ ਕਮਾਈ ਵਿਚੋਂ

ਲਫਜ਼ਾਂ ਨੂੰ ਜ਼ੋਰ ਦੇ ਕੇ 'ਤਿਲ ਫੁਲ' ਹਿੱਸਾ ਪਾਉਣ ਲਈ ਕਿਹਾ ਕਰਦੇ ਸਨ ਉਥੇ ਕਈ ਮਹਾਂਪੁਰਸ਼ ਐਸੇ ਵੀ ਹੋਏ ਹਨ ਜੋ ਨੇਕ ਕਿਰਤ ਨਾਹ ਕਰਨ ਵਾਲਿਆਂ ਦੀ ਮਾਇਆ ਗੁਰੂ ਘਰ ਦੀ ਸੇਵਾ ਲਈ ਜਾਂ ਆਪਣੇ ਡੇਰੇ ਵਿਚ ਵਰਤਣਾ ਪ੍ਰਵਾਨ ਵੀ ਨਹੀਂ ਸਨ ਕਰਿਆ ਕਰਦੇ। ਪਰ ਅੱਜ! ਸਾਡੇ ਧਰਮ ਅਸਥਾਨਾਂ ਨੂੰ, ਧਰਮ ਕਾਰਜਾਂ ਲਈ ਦਿੱਤੀ ਜਾਣ ਵਾਲੀ ਮਾਇਆ (ਚੜ੍ਹਾਵੇ ਆਦਿ) ਦੀ ਕੌਣ ਪਰਖ ਕਰਦਾ ਹੈ ਕਿ ਦੁੱਧ ਹੈ ਜਾਂ ਲਹੂ ? ਕਿਸੇ ਕੋਲ ਇਤਨਾ ਸਮਾਂ ਹੈ ਜਾਂ ਇਤਨੀ ਦਲੇਰੀ ਹੈ ਜੋ ਪੁੱਛੇ ? ਦਰਅਸਲ, ਅੱਜ ਅਸੀਂ ਮਲਕ ਭਾਗੋ ਤੇ ਭਾਈ ਲਾਲੋ ਵਾਲੀ ਸਾਖੀ ਕੇਵਲ ਸੁਣ ਅਤੇ ਸੁਣਾ ਹੀ ਸਕਦੇ ਹਾਂ। ਇਸ ਸਾਖੀ ਵਿਚੋਂ ਮਿਲਦੀ ਸਿੱਖਿਆ ਨੂੰ ਆਪੋ ਆਪਣੇ ਜੀਵਨ ਵਿਚ ਅਪਨਾਉਣ ਦੀ ਲੋੜ, ਹਾਲਾਂ ਸ਼ਾਇਦ ਸਾਨੂੰ ਨਹੀਂ ਜਾਪਦੀ। ਇਹੋ ਕਾਰਨ ਹੈ ਕਿ ਅਸੀਂ ਸੱਚੀ ਕਿਰਤ, ਸੁੱਚੀ ਕਿਰਤ, ਹੱਕ ਦੀ ਕਮਾਈ, ਨੇਕ ਕਮਾਈ, ਦਸਾਂ ਨਹੁੰਆਂ ਦੀ ਕਮਾਈ ਵੱਲ ਧਿਆਨ ਹੀ ਨਹੀਂ ਦਿੰਦੇ ਅਤੇ ਜਿੱਥੇ ਆਪਣਾ ਕੀਮਤੀ ਮਨੁੱਖਾ ਜਨਮ ਗ਼ਲਤ ਕਮਾਈ ਨਾਲ ਆਪਣਾ ਮਨ ਮੈਲਾ ਕਰ ਕਰ ਅੰਜਾਈਂ ਗੰਵਾ ਰਹੇ ਹਾਂ, ਉਥੇ ਇਸ ਹਰਾਮ ਦੀ ਕਮਾਈ ਨਾਲ ਆਪੋ ਆਪਣੇ ਬੱਚਿਆਂ, ਪਰਿਵਾਰਾਂ ਦੀ ਪਾਲਣਾ ਪੋਸਣਾ ਕਰ ਕਰ ਕੇ ਉਨ੍ਹਾਂ ਦੀ ਮੱਤ ਵੀ ਮਲੀਨ ਕਰਨ ਦੇ ਭਾਗੀ 'ਦੋਸ਼ੀ' ਬਣ ਰਹੇ ਹਾਂ। ਇਥੇ ਹੀ ਬੱਸ ਨਹੀਂ ਸਗੋਂ 'ਵਿਗੜੇ ਚਾਟਾ ਦੁੱਧ ਦਾ ਕਾਂਜੀ ਦੀ ਚੁਖੈ' ਦੇ ਮਹਾਂਵਾਕ ਅਨੁਸਾਰ ਗੁਰਧਾਮਾਂ ਅੰਦਰ ਵੀ ਇਸ ਹਰਾਮ ਦੀ ਕਮਾਈ ਨੂੰ ਦੇ ਕੇ ਉਥੇ ਆਈ ਨੇਕ ਕਮਾਈ ਨੂੰ ਵੀ ਵਿਗਾੜਨ ਦੇ ਬੜੇ ਵੱਡੇ ਦੋਸ਼ੀ (ਪਾਪੀ) ਬਣ ਰਹੇ ਹਾਂ ਜਿਵੇਂ ਕਾਂਜੀ ਦੀ ਇਕ ਛਿੱਟ (ਕਤਰਾ) ਦੁੱਧ ਨਾਲ ਭਰੇ ਭਾਂਡੇ ਨੂੰ ਵਿਗਾੜ ਦਿੰਦੀ ਹੈ, ਖ਼ਰਾਬ ਕਰ ਦਿੰਦੀ ਹੈ।

ਇਸ ਤੋਂ ਭਾਵ ਇਹ ਹੈ ਕਿ ਜਿਨ੍ਹਾਂ ਨੇ ਭਜਨ ਸਿਮਰਨ ਦੁਆਰਾ ਅਤੇ ਗੁਰਬਾਣੀ ਅਨੁਸਾਰ ਆਪਣੇ ਮਨ ਨੂੰ ਸਾਧਿਆ ਹੈ ਜਾਂ ਸਾਧ ਰਹੇ ਹਨ, ਆਪਣੀ ਮੈਲ ਧੋ ਰਹੇ ਹਨ ਉਨ੍ਹਾਂ ਉਤੇ ਕਮਾਈ ਦਾ ਮਾੜਾ ਅਸਰ ਪੈਂਦਾ ਹੈ, ਉਨ੍ਹਾਂ ਨੂੰ ਝੱਟ ਪ੍ਰਤੀਤ ਹੋਣ ਲੱਗ ਜਾਂਦਾ ਹੈ ਅਤੇ ਇਸ ਕਮਾਈ ਤੋਂ ਪ੍ਰਹੇਜ਼ ਕਰਨ ਦਾ ਉਪਾਅ ਵੀ ਉਹ ਲੱਭ ਲੈਂਦੇ ਹਨ। ਜੋ ਗ਼ਲਤ ਕੰਮ ਕਰ ਕੇ ਜਾਂ ਝੂਠ ਚਲਾਕੀਆਂ ਕਰ ਕਰ ਕੇ ਕਠੋਰ ਹੋ ਚੁੱਕੇ ਹਨ ਉਨ੍ਹਾਂ

ਉੱਤੇ ਕੀ ਅਸਰ ਹੋਣਾ ਹੈ ? ਉਨ੍ਹਾਂ ਹੱਕ ਜਾਂ ਨਾ ਹੱਕ ਬਾਰੇ ਕੀ ਸੋਚਣਾ ਹੈ ਜਾਂ ਕੀ ਵਿਚਾਰਨਾ ਹੈ ਜਦ ਕਿ ਉਨ੍ਹਾਂ ਦੀ ਬਿਰਤੀ ਭੱਖ-ਅਭੱਖ ਖਾਣ ਵਿਚ ਕੋਈ ਫ਼ਰਕ ਹੀ ਨਹੀਂ ਸਮਝਦੀ। ਅਸਲ ਗੱਲ ਇਹ ਹੈ ਕਿ ਮਨੁੱਖ ਰੁਪਏ ਇਕੱਠੇ ਕਰਨ ਵਾਸਤੇ ਹੀ ਨਹੀਂ ਆਇਆ। ਜਿਸ ਸ਼ੈਅ ਨਾਲ ਪਿਆਰ ਕਰੀਏ ਉਸ ਦਾ ਰੂਪ ਹੋ ਜਾਈਦਾ ਹੈ। ਰੁਪਿਆ ਇਕ ਮੁਰਦਾ ਸ਼ੈਅ ਹੈ। ਇਸ ਦਾ ਪਿਆਰ ਰੂਹ ਵਿਚ ਆਤਮ ਜੀਵਨ ਵਲੋਂ ਮੁਰਦਾਪਨ ਪੈਦਾ ਕਰਦਾ ਹੈ। ਰੁਪਏ ਦਾ ਪਿਆਰ ਐਨਾ ਮੁਰਦਾ ਕਰੀ ਜਾਂਦਾ ਹੈ ਕਿ ਜੀਵ ਦੁੱਖ ਦੇ ਕੇ ਰੁਪਏ ਇਕੱਠ ਕਰਦਾ ਹੈ। ਦੂਸਰੇ ਦੀ ਪੀੜ ਤੋਂ ਪੀੜਤ ਹੀ ਨਹੀਂ ਹੁੰਦਾ।

ਇਸ ਦਾ ਮਤਲਬ ਇਹ ਨਾ ਸਮਝਣਾ ਕਿ ਆਦਮੀ ਨੰਗਾ ਹੋ ਕੇ ਜੰਗਲ ਵਿਚ ਜਾ ਬੈਠੇ ਪਰ ਇਹ ਰੁਪੈ ਦੇ ਪਿਆਰ ਵਿਚ ਆਪਣੀ ਆਤਮਾ ਨਾ ਗੁਆ ਬੈਠੇ। ਸੰਸਾਰ ਦੀ ਇੱਜ਼ਤ ਅਤੇ ਰੁਪਿਆ ਅੰਤ ਨੂੰ ਨਾਲ ਨਹੀਂ ਲੱਗਦੇ। ਇਸ ਕਰਕੇ ਆਪਣੇ ਕਮਾਏ ਰੁਪੈ ਵਿਚੋਂ ਆਪਣਾ ਨਿਰਬਾਹ ਕਰ ਕੇ ਜੋ ਬਚੇ, ਸਾਰਾ ਵਾਹਿਗੁਰੂ ਦਾ ਜਾਣੋਂ ਅਤੇ ਉਸ ਦਾ ਜਾਣ ਕੇ ਵਾਹਿਗੁਰੂ ਦੀ ਸੰਤਾਨ ਸ੍ਰਿਸ਼ਟੀ ਨਾਲ ਜੋ ਸਾਡੇ ਵੀਰ ਹਨ, ਵੰਡ ਕੇ ਵਰਤੋ। ਪਰ ਜੇ ਅੱਜ ਤਬੀਅਤ ਐਨੀ ਤਿਆਰ ਨਹੀਂ ਤਾਂ ਇਸ ਰਸਤੇ ਪਾਓ ਕਿ ਸ਼ਨੇ ਸ਼ਨੇ ਇਸ ਨੁਕਤੇ ਉੱਤੇ ਆ ਜਾਵੇ। ਆਮਦਨ ਧਰਮ ਦੀ ਰੱਖੋ, ਰਿਸ਼ਵਤ ਤੋਂ ਉੱਕਾ ਹੀ ਪ੍ਰਹੇਜ਼ ਕਰੋ। ਜੋ ਆਪਣੀ (ਹੱਕ ਦੀ ਕਮਾਈ) ਆਵੇ ਉਸ ਦਾ ਦਸਵੰਧ ਗੁਰੂ ਦੇ ਅਰਪਨ ਕਰੋ। ਬਾਕੀ ਰੁਪੈ ਨੂੰ ਪ੍ਰਮੇਸ਼ਵਰ ਦੇ ਭੈ ਅਤੇ ਪਿਆਰ ਵਿਚ ਵਿਚਾਰ ਕੇ ਭਲਿਆਈ ਤੇ ਜਾਇਜ਼ ਸੁੱਖ ਲਈ ਵਰਤੋ। ਖਾਣਾ, ਪੀਣਾ ਤੇ ਖ਼ਰਚਾ ਐਸਾ ਰੱਖੋ ਜਿਸ ਨਾਲ ਤਨ ਪੀੜਤ ਨਾ ਹੋਵੇ ਤੇ ਮਨ ਵਿਕਾਰੀ ਨਾ ਹੋਵੇ। ਹੁਕਮ ਹੈ :

ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ
ਮਨ ਮਹਿ ਚਲਹਿ ਵਿਕਾਰ ॥ (ਪੰਨਾ ੧੬)

(ਅਕਾਲੀ ਪੱਤ੍ਰਿਕਾ, 23 ਜਨਵਰੀ, 1993 'ਚੋਂ ਧੰਨਵਾਦ ਸਹਿਤ)

ਅਨਿਕ ਭਾਂਤਿ ਕਰਿ ਸੇਵਾ ਕਰੀਐ ॥
ਜੀਉ ਪ੍ਰਾਨ ਧਨੁ ਆਗੈ ਧਰੀਐ ॥

ਬਾਨੀ ਪਿੰਗਲਵਾੜਾ ਇਕ ਸੱਚਾ ਭਿਖਾਰੀ ਏ।
ਨਿਆਸਰੇ ਬੀਮਾਰਾਂ ਦਾ ਸੱਚਾ ਉਹ ਪੁਜਾਰੀ ਏ।

ਸੱਚੇ ਸਾਹਿਬਾਂ ਗੱਲ ਸਾਨੂੰ ਇਹ ਫੁਰਮਾਈ ਏ।
ਸੇਵਾ ਕਰੀਏ ਨਾਲ ਅਕਲ ਰੱਬ ਤੋਂ ਜੋ ਪਾਈ ਏ।
ਮੰਗੇ ਅਗਵਾਈ ਸਾਰੀ ਜਿੰਨੀ ਵੀ ਲੋਕਾਈ ਏ।
ਵਿਦਿਆ ਵੀਚਾਰੀ ਤਾਂ ਪਰਉਪਕਾਰੀ ਏ।
ਬਾਨੀ ਪਿੰਗਲਵਾੜਾ......

ਅਨੇਕਾਂ ਮਜ਼ਮੂਨਾਂ ਦੇ ਰਸਾਲੇ ਤੂੰ ਮੰਗਾਨਾ ਏਂ।
ਮੁੱਲ ਲੈ ਕਿਤਾਬਾਂ ਅਲਮਾਰੀਆਂ ਭਰਾਨਾ ਏਂ।
ਮਸਲਿਆਂ ਅਨੇਕਾਂ ਵਾਲੀ ਖੋਜ ਵੀ ਕਰਾਨਾ ਏਂ।
ਖੋਜਾਂ ਨਾਲ 'ਆਜ਼ਿਜ਼' ਭਰੀ ਬੁੱਧੀ ਦੀ ਪਟਾਰੀ ਏ।
ਬਾਨੀ ਪਿੰਗਲਵਾੜਾ......

ਲਿਖ ਲਿਖ ਕਾਗਜ਼ਾਂ ਦਾ ਢੇਰ ਤੂੰ ਲਗਾਨਾ ਏਂ।
ਬਜ਼ੁਰਗਾਂ ਵਿਦਵਾਨਾਂ ਦੇ ਲੇਖ ਵੀ ਛਪਾਨਾ ਏਂ।
ਛਾਪ ਉਪਦੇਸ਼ ਸੋਹਣੇ ਮੁਫ਼ਤ ਵੰਡਾਨਾ ਏਂ।
ਫ਼ਕੀਰਾਂ ਦਾ ਫ਼ਕੀਰ ਇਹ ਵੱਡਾ ਲਿਖਾਰੀ ਏ।
ਬਾਨੀ ਪਿੰਗਲਵਾੜਾ......

ਲੋਕਾਂ ਦੀਆਂ ਲੱਤਾਂ ਦਾ ਬਚਾਓ ਵੀ ਕਰਾਨਾ ਏਂ।
ਕੇਲਿਆਂ ਦੇ ਛਿੱਲੜਾਂ ਨੂੰ ਤੂੰ ਰਾਹ ਤੋਂ ਹਟਾਨਾ ਏਂ।
ਘਾਹ ਚੁੱਕ ਰਾਹ ਵਿਚੋਂ ਪਸ਼ੂ ਨੂੰ ਖਿਲਾਨਾ ਏਂ।
ਉਮਰ ਗੁਜ਼ਾਰੀ ਤੁਸਾਂ ਸਾਰੀ ਹੀ ਕੁਆਰੀ ਏ।
ਬਾਨੀ ਪਿੰਗਲਵਾੜਾ......

ਟਾਇਰਾਂ ਦੇ ਬਚਾਓ ਲਈ ਖ਼ੁਰੀਆਂ ਤੂੰ ਉਠਾਨਾ ਏਂ।
ਸ਼ੀਸ਼ੇ ਕਿੱਲ ਰੋੜੇ ਚੁੱਕ ਢੇਰ ਵੀ ਲਗਾਨਾ ਏਂ।

ਗੱਲ ਨਹੀਂ ਛੋਟੀ ਧਨ ਦੇਸ਼ ਦਾ ਬਚਾਨਾ ਏਂ।
ਮਾਤਾ ਆਸੀਸ ਦਿਤੀ ਰਹਿਣਾ ਬ੍ਰਹਮਚਾਰੀ ਏ।
ਬਾਨੀ ਪਿੰਗਲਵਾੜਾ......

ਰਾਹ ਵਾਲੇ ਸੀਂਢ ਉੱਤੇ ਮਿੱਟੀ ਵੀ ਤੂੰ ਪਾਨਾ ਏਂ।
ਰਾਹ ਵਿਚੋਂ ਟੱਟੀ ਚੁੱਕ ਖੇਤਾਂ ਨੂੰ ਪੁਚਾਨਾ ਏਂ।
ਅੰਨ ਵਾਲੀ ਪੈਦਾਵਾਰ ਦੇਸ਼ ਦੀ ਵਧਾਨਾ ਏਂ।
ਸੱਚੀ ਸੇਵਾ ਕਰਕੇ ਤੁਸਾਂ ਉਮਰ ਗੁਜ਼ਾਰੀ ਏ।
ਬਾਨੀ ਪਿੰਗਲਵਾੜਾ......

ਹੱਥ ਕੱਤੇ ਹੱਥ ਬੁਣੇ ਖੱਦਰ ਨੂੰ ਹੰਢਾਨਾ ਏਂ।
ਦਸਤਕਾਰੀ ਹੱਥਾਂ ਦੀ ਦਾ ਹੌਸਲਾ ਵਧਾਨਾ ਏਂ।
ਗਾਂਧੀ ਦਾ ਸੁਨੇਹਾ ਏਹੀਓ ਜਨਤਾ ਨੂੰ ਪੁਚਾਨਾ ਏਂ।
ਬੇਕਾਰੀ ਨੂੰ ਹਟਾਵੇਂ ਦੇਸੋਂ ਏਹੋ ਦਸਤਕਾਰੀ ਏ।
ਬਾਨੀ ਪਿੰਗਲਵਾੜਾ......

ਨਿਆਸਰੇ ਬੀਮਾਰਾਂ ਵਾਲੀ ਸਾਂਭ ਤੂੰ ਕਰਾਨਾ ਏਂ।
ਵੱਖੋ ਵੱਖ ਹਸਪਤਾਲੀਂ ਵਾਰੀ 'ਤੇ ਲਿਜਾਨਾ ਏਂ।
ਦਾਖ਼ਲ ਕਰਾਵਣੇ ਨੂੰ ਵਾਰੀਆਂ ਲਿਖਾਨਾ ਏਂ।
ਦਾਖ਼ਲ ਕਰਾਵੇਂ ਉਹਨੂੰ ਆਵੇ ਜੀਹਦੀ ਵਾਰੀ ਏ।
ਬਾਨੀ ਪਿੰਗਲਵਾੜਾ......

ਜਿਥੇ ਖ਼ਾਲੀ ਥਾਂ ਦੇਖੋਂ ਉਥੇ ਤੁਸੀਂ ਰੁੱਖ ਲਾਵੋਂ।
ਜਿਥੇ ਨਵਾਂ ਨਵਾਂ ਰੁੱਖ ਦੇਖੋਂ ਉਥੇ ਉਥੇ ਪਾਣੀ ਪਾਵੋਂ।
ਰੁੱਖਾਂ ਬਿਨਾ ਰੇਤਾ ਹੁੰਦੀ ਧਰਤੀ ਨੂੰ ਬਚਾਨਾ ਏਂ।
ਲੱਖਾਂ ਇਸ਼ਤਿਹਾਰ ਵੰਡ ਦਿੱਤੀ ਜਾਣਕਾਰੀ ਏ।
ਬਾਨੀ ਪਿੰਗਲਵਾੜਾ......

ਦਾਨ-ਪਾਤਰ ਬਕਸ ਤੇਰਾ ਹੋ ਗਿਆ ਮਸ਼ਹੂਰ ਏ।
ਪਿੰਗਲਵਾੜਾ ਆਸ਼ਰਮ ਦੇਖਣਾ ਜ਼ਰੂਰ ਏ।
ਤੇਰੀ ਕੁਰਬਾਨੀ ਦਾ ਸੱਚਾ ਜੋ ਜ਼ਹੂਰ ਏ।
ਦਇਆ ਦੇ ਭਾਵ 'ਆਜ਼ਿਜ਼' ਦੁਨੀਆਂ ਸਵਾਰੀ ਏ।
ਬਾਨੀ ਪਿੰਗਲਵਾੜਾ......

ਜਿਉਂਦਾ ਰਹਿਣ ਲਈ ਹਰ ਬੰਦੇ ਨੂੰ ਅੰਨ ਖਾਣਾ ਪੈਂਦਾ ਹੈ। ਉਸ ਨੂੰ ਕੱਪੜਾ ਵੀ ਪਹਿਨਣਾ ਪੈਂਦਾ ਹੈ। ਰੋਟੀ ਤੇ ਕੱਪੜਾ ਮਨੁੱਖ ਦੀਆਂ ਦੋ ਲੋੜਾਂ ਤਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਹਰ ਆਦਮੀ ਨੂੰ ਪੂਰਾ ਕਰਨਾ ਪੈਂਦਾ ਹੈ ਪਰ ਲੋੜਾਂ ਹੋਰ ਵੀ ਅਨੇਕਾਂ ਹੁੰਦੀਆਂ ਹਨ। ਬੰਦੇ ਨੂੰ ਆਪਣੇ ਜਨਮ ਦੇ ਸਮੇਂ ਤੋਂ ਅਨੇਕਾਂ ਵਸਤਾਂ ਦੀ ਵਰਤੋਂ ਤੇ ਅਨੇਕਾਂ ਹੋਰਨਾਂ ਬੰਦਿਆਂ ਅਤੇ ਇਸਤਰੀਆਂ ਦੀ ਸਹਾਇਤਾ ਨਾਲ ਜਿਊਣਾ ਪੈਂਦਾ ਹੈ ਜਿਨ੍ਹਾਂ ਦੀ ਵਰਤੋਂ ਤੇ ਸਹਾਇਤਾ ਤੋਂ ਬਿਨਾਂ ਉਹ ਜਿਉਂਦਾ ਨਹੀਂ ਰਹਿ ਸਕਦਾ। ਜਨਮ ਤੋਂ ਲੈ ਕੇ ਮਰਨ ਦੇ ਸਮੇਂ ਤੱਕ ਬੰਦਾ ਜਿਨ੍ਹਾਂ ਵਸਤਾਂ ਦੀ ਵਰਤੋਂ ਤੇ ਜਿਨ੍ਹਾਂ ਮਰਦਾਂ ਤੇ ਇਸਤਰੀਆਂ ਦੀ ਸਹਾਇਤਾ ਨਾਲ ਜਿਊਂਦਾ ਰਹਿੰਦਾ ਹੈ ਉਨ੍ਹਾਂ ਦਾ ਸੰਖੇਪ ਵਰਣਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸੁਖਮਨੀ ਸਾਹਿਬ ਵਿਚ ਕੀਤਾ ਗਿਆ ਹੈ। ਉਹ ਉਹਨਾਂ ਕਰਜ਼ਿਆਂ ਦਾ ਵਿਰਤਾਂਤ ਹੈ ਜਿਹੜੇ ਜਨਮ ਦੇ ਸਮੇਂ ਤੋਂ ਲੈ ਕੇ ਮਰਨ ਦੇ ਸਮੇਂ ਤੱਕ ਮਨੁੱਖ ਦੇ ਸਿਰ ਤੇ ਚੜ੍ਹਦੇ ਰਹਿੰਦੇ ਹਨ। ਦੁਨੀਆਂ ਵਿਚ ਉਹੀ ਬੰਦਾ ਹਿਰਦੇ ਦੀ ਪ੍ਰਸੰਨਤਾ ਨਾਲ ਜੀਅ ਸਕਦਾ ਹੈ ਜਿਹੜਾ ਆਪਣੀ ਅਕਲ ਦੇ ਪੂਰੇ ਤਾਣ ਤੇ ਸਰੀਰ ਦੀ ਪੂਰੀ ਸ਼ਕਤੀ ਨਾਲ ਉਨ੍ਹਾਂ ਕਰਜ਼ਿਆਂ ਨੂੰ ਉਤਾਰਨ ਲਈ ਹਿਰਦੇ ਦੀ ਪੂਰੀ ਚਿੰਤਾ ਨਾਲ ਜੁੱਟਿਆ ਰਹੇ। ਜਿਹੜੇ ਬੰਦੇ ਇਸ ਕਰਜ਼ ਤੋਂ ਬੇਖ਼ਬਰ ਰਹਿੰਦੇ ਹਨ ਜਾਂ ਅਜਿਹੇ ਕੰਮ ਕਰਨ ਵਿਚ ਜੁੱਟੇ ਰਹਿੰਦੇ ਹਨ ਜਿਹੜੇ ਹੋਰਨਾਂ ਨੂੰ ਹਾਨੀ ਪਹੁੰਚਾਣ ਵਾਲੇ ਹੋਣ ਜਾਂ ਸੰਸਾਰ ਦੇ ਜੀਆਂ ਦਾ ਵੱਧ ਤੋਂ ਵੱਧ ਭਲਾ ਕਰਨ ਵਾਲੇ ਨਾ ਹੋਣ ਉਹ ਆਪਣੇ ਲਈ ਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਅਨੇਕ ਪ੍ਰਕਾਰ ਦੇ ਖ਼ਤਰਿਆਂ ਨੂੰ ਪੈਦਾ ਹੋਣ ਦੀ ਆਗਿਆ ਦਿੰਦੇ ਹਨ। ਜਿਨ੍ਹਾਂ ਦੇਸ਼ਾਂ ਦੇ ਬੰਦਿਆਂ ਨੇ ਇਸ ਭੇਦ ਨੂੰ ਨਹੀਂ ਸਮਝਿਆ ਉਨ੍ਹਾਂ ਵਿਚ ਅਜਿਹੀਆਂ ਤਾਨਾਸ਼ਾਹੀ ਸਰਕਾਰਾਂ ਖੜ੍ਹੀਆਂ ਹੋਈਆਂ ਜਿਨ੍ਹਾਂ ਨੇ ਲੋਕਾਂ ਦੀਆਂ ਜਾਇਦਾਦਾਂ ਆਪਣੇ ਕਬਜ਼ੇ ਵਿਚ ਲੈ ਲਈਆਂ। ਉਹਨਾਂ ਦੇ ਕਾਰਖ਼ਾਨੇ, ਜ਼ਮੀਨਾਂ, ਸੋਨਾ, ਚਾਂਦੀ ਸਭ ਕੁਝ ਕਬਜ਼ੇ ਵਿਚ ਕਰ ਲਏ ਤੇ ਇਹ ਐਲਾਨ ਕਰ ਦਿੱਤਾ ਕਿ ਜਿਹੜਾ ਬੰਦਾ ਕੰਮ ਨਹੀਂ ਕਰੇਗਾ ਉਸ ਨੂੰ ਰੋਟੀ ਵੀ ਖਾਣ ਨੂੰ ਨਹੀਂ ਦਿੱਤੀ ਜਾਵੇਗੀ। ਮਨੁੱਖ ਨੂੰ ਸਭ ਤੋਂ ਵੱਡਾ ਫ਼ਿਕਰ ਇਹ ਕਰਨਾ ਚਾਹੀਦਾ ਹੈ ਕਿ ਉਹ ਅੰਨ ਤੋਂ

ਬਿਨਾਂ ਭੁੱਖਾ ਨਾ ਮਰੇ ਤੇ ਪਾਣੀ ਤੋਂ ਬਿਨਾਂ ਪਿਆਸਾ ਨਾ ਮਰੇ। ਇਸ ਕਵਿਤਾ ਵਿਚ ਇਹੋ ਫ਼ਿਕਰ ਦਰਸਾਇਆ ਗਿਆ ਹੈ। ਆਬਾਦੀ ਵਧ ਰਹੀ ਹੈ, ਧਰਤੀ ਦੀ ਉਪਜਾਊ ਸ਼ਕਤੀ ਘਟ ਰਹੀ ਹੈ। ਸੰਸਾਰ ਦੇ ਦੇਸ਼ਾਂ ਦਾ ਇਤਿਹਾਸ ਕਾਲਾਂ ਨਾਲ ਭਰਿਆ ਪਿਆ ਹੈ। ਰੱਬ ਨੇ ਮਨੁੱਖ ਨੂੰ ਜਦ ਪੈਦਾ ਕੀਤਾ ਸੀ ਤਾਂ ਉਸ ਨੇ ਇਹ ਵਾਇਦਾ ਨਹੀਂ ਕੀਤਾ ਸੀ ਕਿ ਭਾਈ ਤੂੰ ਕੋਈ ਕੰਮ ਕਰੀਂ ਜਾਂ ਨਾ ਕਰੀਂ, ਚੰਗੇ ਕੰਮ ਕਰੀਂ ਜਾਂ ਮਾੜੇ ਕੰਮ ਕਰੀਂ, ਤੈਨੂੰ ਮੈਂ ਅੰਨ ਦੀ ਤੋਟ ਨਹੀਂ ਆਉਣ ਦੇਵਾਂਗਾ। ਰੱਬ ਨੇ ਤਾਂ ਜਿਸ ਦਿਨ ਧਰਮ ਗ੍ਰੰਥ ਪੈਦਾ ਕੀਤੇ ਸਨ ਉਹ ਤਾਂ ਉਸੇ ਦਿਨ ਤੋਂ ਹੀ ਬੇਫ਼ਿਕਰ ਹੋ ਗਿਆ ਸੀ। ਉਸ ਦਿਨ ਉਸ ਨੇ ਦੁਨੀਆਂ ਲਈ ਆਪਣਾ ਕਰਤੱਵ ਪੂਰਾ ਕਰ ਛੱਡਿਆ ਸੀ। ਕਵਿਤਾ ਵਿਚ ਮੇਰੇ ਜੀਵਨ ਦੇ ਅਣਗਿਣਤ ਰੁਝੇਵਿਆਂ ਦਾ ਜਿਹੜਾ ਵਰਣਨ ਕੀਤਾ ਗਿਆ ਹੈ ਅਜਿਹਾ ਜੀਵਨ ਬਿਤਾਉਣ ਦੀ ਪ੍ਰੇਰਨਾ ਮੈਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਮਿਲੀ ਹੈ। ਜਿਹੜੇ ਬੰਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਆਪ ਕਰਨਗੇ ਜਾਂ ਗੁਰਦਵਾਰਿਆਂ ਵਿਚ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸੁਣਨਗੇ ਉਹ ਅਜਿਹੇ ਉਦਮੀ ਹੋਣਗੇ ਕਿ ਉਨ੍ਹਾਂ ਦੇ ਦੇਸ਼ਾਂ ਵਿਚ ਨਾ ਪਾਣੀ ਦਾ ਕਾਲ ਪਵੇਗਾ ਤੇ ਨਾ ਅੰਨ ਦਾ। ਉਹ ਇਤਨਾ ਅੰਨ ਪੈਦਾ ਕਰਨਗੇ ਕਿ ਕਾਲ ਵਾਲੇ ਇਲਾਕਿਆਂ ਨੂੰ ਭੇਜ ਸਕਣ। ਇਸ ਲਈ ਧਰਤੀ ਦੀ ਉਪਜਾਊ-ਸ਼ਕਤੀ ਨੂੰ ਕਾਇਮ ਰੱਖਣ ਲਈ ਗੋਬਰ, ਟੱਟੀ, ਕੇਲੇ, ਖ਼ਰਬੂਜ਼ੇ ਦੇ ਛਿੱਲੜ ਆਦਿ ਵਸਤਾਂ ਖੇਤਾਂ ਵਿਚ ਪੁੱਜਣੀਆਂ ਚਾਹੀਦੀਆਂ ਹਨ ਤਾਂ ਜੋ ਖੇਤਾਂ ਦੀ ਉਪਜਾਊ-ਸ਼ਕਤੀ ਕਾਇਮ ਰਹੇ। ਗਲੀਆਂ ਅਤੇ ਸੜਕਾਂ ਤੇ ਪਏ ਕਿੱਲ, ਕੱਚ ਦੇ ਟੁਕੜੇ ਖ਼ੁਰੀਆਂ, ਮੇਖਾਂ ਜਦ ਕੂੜੇ ਵਿਚ ਮਿਲ ਜਾਂਦੇ ਹਨ ਤਾਂ ਉਹ ਕੂੜਾ ਖੇਤਾਂ ਨੂੰ ਜਾਣ ਵਾਲਾ ਨਹੀਂ ਰਹਿ ਜਾਂਦਾ ਇਸ ਲਈ ਉਹਨਾਂ ਨੂੰ ਵੀ ਸੜਕਾਂ ਤੋਂ ਚੁੱਕਣਾ ਚਾਹੀਦਾ ਹੈ। ਉਹ ਕੰਮ ਵੀ ਆਉਂਦੇ ਹਨ ਤੇ ਦੇਸ਼ ਦਾ ਧਨ ਹਨ।

●

ਪਿੰਗਲਵਾੜਾ ਡਾਇਰੀ

ਪਿੰਗਲਵਾੜਾ ਸੰਸਥਾ (ਬਾਨੀ ਭਗਤ ਪੂਰਨ ਸਿੰਘ) ਦੁਆਰਾ ਪ੍ਰਾਣੀ-ਮਾਤਰ ਦੀ ਸੇਵਾ ਲਈ ਕੀਤੇ ਜਾ ਰਹੇ ਕਾਰਜ :—

ਬੇ-ਆਸਰਿਆਂ ਲਈ ਆਸਰਾ

983 ਮਰੀਜ਼ਾਂ ਦੇ ਰਹਿਣ ਲਈ ਪਿੰਗਲਵਾੜੇ ਦੀਆਂ ਵੱਖ-ਵੱਖ ਬ੍ਰਾਂਚਾਂ ਵਿਚ ਸਚੱਜਾ ਪ੍ਰਬੰਧ ਹੈ :

(ੳ) **ਮੁੱਖ ਬ੍ਰਾਂਚ ਅੰਮ੍ਰਿਤਸਰ** । ਮਾਤਾ ਮਹਿਤਾਬ ਕੌਰ ਵਾਰਡ, ਭਾਈ ਪਿਆਰਾ ਸਿੰਘ ਵਾਰਡ, ਪੰਡੋਰੀ ਵੜੈਚ :	—	570 ਮਰੀਜ਼
(ਅ) **ਜਲੰਧਰ ਬ੍ਰਾਂਚ :**	—	36 ਮਰੀਜ਼
(ੲ) **ਸੰਗਰੂਰ ਬ੍ਰਾਂਚ :**	—	195 ਮਰੀਜ਼
(ਸ) **ਮਾਨਾਂਵਾਲਾ ਬ੍ਰਾਂਚ :**	—	33 ਮਰੀਜ਼
(ਹ) **ਪਲਸੌਰਾ (ਚੰਡੀਗੜ੍ਹ) ਬ੍ਰਾਂਚ :**	—	41 ਮਰੀਜ਼
(ਕ) **ਗੋਇੰਦਵਾਲ ਬ੍ਰਾਂਚ :**	—	108 ਮਰੀਜ਼
ਕੁੱਲ	—	983 ਮਰੀਜ਼

ਇਲਾਜ ਸਹੂਲਤਾਂ

(ੳ) **ਡਿਸਪੈਂਸਰੀ ਅਤੇ ਲੈਬਾਰਟਰੀ :** ਮਰੀਜ਼ਾਂ ਦ ਇਲਾਜ ਲਈ ਪਿੰਗਲਵਾੜਾ ਵਿਚ ਡਿਸਪੈਂਸਰੀ ਅਤੇ ਲੈਬਾਰਟਰੀ ਦੀ ਸੁਵਿਧਾ ਮਹੱਈਆ ਕੀਤੀ ਗਈ ਹੈ, ਜਿਨ੍ਹਾਂ ਦਾ ਸਾਲਾਨਾ ਖ਼ਰਚ 40 ਲੱਖ ਰੁਪਏ ਹੈ ।

(ਅ) **ਸਹਾਇਕ ਸਟਾਫ਼ :** ਮਾਨਸਿਕ ਰੋਗੀਆਂ ਅਤੇ ਮਰੀਜ਼ਾਂ ਦੀ ਦੇਖ-ਭਾਲ ਲਈ ਟੈਕਨੀਕਲ ਸਟਾਫ਼ ਜਿਵੇਂ ਨਰਸਾਂ, ਫਾਰਮਾਸਿਸਟ, ਲੈਬਾਰਟਰੀ ਟੈਕਨੀਸ਼ਨ ਦੀ ਵਿਵਸਥਾ ਕੀਤੀ ਗਈ ਹੈ ।

(ੲ) **ਖ਼ੂਨ-ਦਾਨ ਕੈਂਪ :** ਦੁਰਘਟਨਾਗ੍ਰਸਤ ਜ਼ਖ਼ਮੀਆਂ ਦੀ ਸਹਾਇਤਾ ਲਈ ਤੇ ਸੰਸਥਾ ਦੇ ਮਰੀਜ਼ਾਂ ਲਈ ਖ਼ੂਨ ਦੀ ਕਮੀ ਨੂੰ ਪੂਰਾ ਕਰਨ ਲਈ ਹਰ ਸਾਲ ਭਗਤ ਜੀ ਦੀ ਬਰਸੀ 'ਤੇ ਖ਼ੂਨ-ਦਾਨ ਕੈਂਪ ਲਗਾਇਆ ਜਾਂਦਾ ਹੈ ।

(ਸ) **ਟਰੌਮਾ ਵੈਨ ਅਤੇ ਐਂਬੂਲੈਂਸ :** ਮੁੱਢਲੀਆਂ ਡਾਕਟਰੀ ਸੁਵਿਧਾਵਾਂ ਨਾਲ ਲੈਸ ਟਰੌਮਾ ਵੈਨ, ਜੀ. ਟੀ. ਰੋਡ 'ਤੇ ਹੋਏ ਸੜਕ ਹਾਦਸਿਆਂ ਦੇ ਜ਼ਖ਼ਮੀਆਂ ਲਈ ਤੱਤਪਰ ਰਹਿੰਦੀ ਹੈ । ਸੰਸਥਾ ਦੀਆਂ ਐਂਬੂਲੈਂਸਾਂ ਮਰੀਜ਼ਾਂ ਨੂੰ ਹਸਪਤਾਲ ਲੈ ਜਾਣ ਦੀ ਸੁਵਿਧਾ ਦਿੰਦੀਆਂ ਹਨ ।

(ਹ) **ਬਣਾਵਟੀ ਅੰਗ ਕੇਂਦਰ** । ਲੋੜਵੰਦ ਅੰਗਹੀਣਾਂ ਲਈ ਮਾਨਾਂਵਾਲਾ ਵਿਖ ਭਗਤ ਜੀ ਦੀ ਯਾਦ ਨੂੰ ਸਮਰਪਿਤ ਇਕ ਬਣਾਵਟੀ ਅੰਗ ਕੇਂਦਰ ਸਥਾਪਿਤ ਕੀਤਾ ਗਿਆ ਹੈ ਜਿੱਥੇ ਅੰਗਹੀਣਾਂ ਨੂੰ ਬਣਾਵਟੀ ਅੰਗ ਮੁਫ਼ਤ ਲਗਾਏ ਜਾਂਦੇ ਹਨ ।

ਨਵਬਰ 2003 ਤੋਂ ਹੁਣ ਤੱਕ 121 ਲੜਵੰਦ ਲਾਭ ਉਠਾ ਚੁੱਕੇ ਹਨ ।

(ਕ) **ਓਪਰੇਸ਼ਨ ਥੀਏਟਰ :** ਜਨਰਲ ਓਪਰੇਸ਼ਨ ਕਰਨ ਲਈ ਭਾਈ ਪਿਆਰਾ ਸਿੰਘ ਵਾਰਡ ਵਿਚ ਓਪਰੇਸ਼ਨ ਥੀਏਟਰ ਦੀ ਸੁਵਿਧਾ ਹੈ ।

ਵਿੱਦਿਆ ਸੰਬੰਧੀ

ਗ਼ਰੀਬ ਬੱਚਿਆਂ ਦੀ ਸਿੱਖਿਆ ਲਈ ਵੱਖ ਵੱਖ ਵਿੱਦਿਅਕ ਸੰਸਥਾਵਾਂ ਦਾ ਪ੍ਰਬੰਧ ਹੈ :

(ੳ) **ਭਗਤ ਪੂਰਨ ਸਿੰਘ ਆਦਰਸ਼ ਸਕੂਲ, ਮਾਨਾਂਵਾਲਾ :** ਇਸ ਸਕੂਲ ਵਿਚ ਗ਼ਰੀਬ ਅਤੇ ਝੁੱਗੀ ਝੌਂਪੜੀ ਵਾਲੇ 480 ਵਿਦਿਆਰਥੀਆਂ ਨੂੰ ਮੁਫ਼ਤ ਵਿੱਦਿਆ ਦਿੱਤੀ ਜਾ ਰਹੀ ਹੈ । ਸੰਸਥਾ ਦਾ ਇਹ ਖ਼ਾਸ ਉਪਰਾਲਾ ਹੈ ਕਿ ਇਹ ਬੱਚੇ ਆਪਣੇ ਆਪ ਨੂੰ ਹੀਣੇ ਨਾ ਸਮਝਣ ਤੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਕੇ ਸਮਾਜ ਵਿਚ ਵਿਚਰ ਸਕਣ । ਇਹਨਾਂ ਨੂੰ ਕਿਤਾਬਾਂ ਤੇ ਵਰਦੀਆਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ । ਇਨ੍ਹਾਂ ਵਿਚੋਂ 47 ਬੱਚੇ ਪਿੰਗਲਵਾੜਾ ਵਿਚ ਪਲੇ ਹਨ ।

(ਅ) **ਭਗਤ ਪੂਰਨ ਸਿੰਘ ਆਦਰਸ਼ ਸਕੂਲ, ਬੁੱਟਰ ਕਲਾਂ (ਕਾਦੀਆਂ) ।** ਇਹ ਸਕੂਲ ਵੀ ਭਗਤ ਜੀ ਦੀ ਯਾਦ ਨੂੰ ਸਮਰਪਿਤ ਹੈ, ਜਿੱਥੇ ਯੋਗ ਅਤੇ ਸੁਚੱਜੇ ਅਧਿਆਪਕਾਂ ਦੀ ਅਗਵਾਈ ਵਿਚ 285 ਬੱਚੇ ਵਿੱਦਿਆ ਹਾਸਲ ਕਰ ਰਹੇ ਹਨ ।

(ੲ) **ਹੋਸਟਲ ਦਾ ਪ੍ਰਬੰਧ :** ਮਾਨਾਂਵਾਲਾ ਵਿਖੇ ਪਿੰਗਲਵਾੜੇ ਦੀਆਂ ਪੜ੍ਹਨ ਵਾਲੀਆਂ ਬੱਚੀਆਂ ਵਾਸਤੇ ਹੋਸਟਲ ਦਾ ਪ੍ਰਬੰਧ ਕੀਤਾ ਗਿਆ ਹੈ । ਪਿੰਗਲਵਾੜੇ ਦੀ ਸੰਗਰੂਰ ਬ੍ਰਾਂਚ ਦੇ ਹੋਸਟਲ ਵਿਚ ਰਹਿ ਰਹੀਆਂ ਲੜਕੀਆਂ ਵੀ ਵੱਖ-ਵੱਖ ਵਿੱਦਿਅਕ ਸੰਸਥਾਵਾਂ ਵਿਚ ਵਿੱਦਿਆ ਪ੍ਰਾਪਤ ਕਰ ਰਹੀਆਂ ਹਨ । ਇਕ ਬੱਚੀ ਆਰਕੀਟੈਕਟ ਐਸਿਸਟੈਂਟ ਦਾ ਡਿਪਲੋਮਾ ਕਰ ਰਹੀ ਹੈ ।

(ਸ) **ਸਪੈਸ਼ਲ ਸਿੱਖਿਆ :** ਪਿੰਗਲਵਾੜੇ ਦੇ 55 ਮੰਦ-ਬੁੱਧੀ ਬੱਚਿਆਂ ਲਈ ਮੁੱਖ ਬ੍ਰਾਂਚ ਵਿਚ 'ਭਗਤ ਪੂਰਨ ਸਿੰਘ ਸਕੂਲ ਆਫ ਸਪੈਸ਼ਲ ਐਜੂਕੇਸ਼ਨ' ਦਾ ਪ੍ਰਬੰਧ ਉਹਨਾਂ ਦੀ ਬੁੱਧੀ ਵਿਕਸਤ ਕਰਨ ਲਈ ਕੀਤਾ ਗਿਆ ਹੈ ।

(ਹ) **ਕਿੱਤਾਕਾਰੀ ਸਿੱਖਿਆ :** ਬੱਚਿਆਂ ਦੇ ਭਵਿੱਖ ਨੂੰ ਸਾਹਮਣ ਰੱਖਦੇ ਹੋਏ ਪਿੰਗਲਵਾੜਾ ਸੰਸਥਾ ਵੱਲੋਂ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਕਿੱਤਾਕਾਰੀ ਸਿੱਖਿਆ, ਜਿਵੇਂ ਸਿਲਾਈ, ਕਢਾਈ, ਮੋਮਬੱਤੀਆਂ ਬਣਾਉਣਾ ਅਤੇ ਹੋਰ ਸਿਖਲਾਈ ਦੇ ਕੰਮ ਟਰੇਂਡ ਕਿੱਤਾਕਾਰੀ ਅਧਿਆਪਕਾਂ ਵੱਲੋਂ ਦਿੱਤੀ ਜਾਂਦੀ ਹੈ । ਇਸ ਤੋਂ ਇਲਾਵਾ ਬੱਚਿਆਂ ਨੂੰ ਸੰਗੀਤ ਦੀ ਵਿੱਦਿਆ ਲਈ ਯੋਗ ਅਧਿਆਪਕਾਂ ਦੀ ਅਗਵਾਈ ਪ੍ਰਾਪਤ ਹੈ ।

(ਕ) **ਕੰਪਿਊਟਰ ਸਿੱਖਿਆ :** ਸੂਚਨਾ ਅਤੇ ਟੈਕਨਾਲੋਜੀ ਦ ਪਸਾਰੇ ਨੂੰ ਮੁੱਖ ਰੱਖਦਿਆਂ ਹੋਇਆਂ ਪਿੰਗਲਵਾੜੇ ਦੇ ਬੱਚਿਆਂ ਨੂੰ ਆਧੁਨਿਕ ਸਮਾਜ ਦੇ ਹਾਣੀ ਬਣਾਉਣ ਲਈ ਕੰਪਿਊਟਰ ਸਿੱਖਿਆ ਦਾ ਪ੍ਰਬੰਧ ਕੀਤਾ ਗਿਆ ਹੈ ।

ਵਿਆਹ। ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਪਿੰਗਲਵਾੜਾ ਵਿਚ ਪਲ ਨੌਜਵਾਨ ਲੜਕੀਆਂ ਤੇ ਲੜਕਿਆਂ ਲਈ ਢੁਕਵੇਂ ਤੇ ਯੋਗ ਵਰ ਲੱਭ ਕੇ ਉਹਨਾਂ ਨੂੰ ਗ੍ਰਿਹਸਥੀ ਜੀਵਨ ਵਿਚ ਪਾ ਦਿੱਤਾ ਜਾਂਦਾ ਹੈ। ਹੁਣ ਤੱਕ 26 ਲੜਕੀਆਂ ਤੇ 2 ਲੜਕਿਆਂ ਦੇ ਵਿਆਹ ਸੰਸਥਾ ਵੱਲੋਂ ਕੀਤੇ ਜਾ ਚੁੱਕੇ ਹਨ।

ਵਾਤਾਵਰਨ ਸੰਬੰਧੀ ਕਾਰਜ

(ੳ) **ਰੁੱਖ ਲਾਉਣੇ :** ਭਗਤ ਪੂਰਨ ਸਿੰਘ ਜੀ ਵਾਤਾਵਰਣ ਦੀ ਸੰਭਾਲ ਸੰਬੰਧੀ ਬੜੇ ਚਿੰਤਤ ਰਹਿੰਦੇ ਸਨ। ਇਸ ਕਰਕੇ ਮਾਰੂਥਲ ਬਣ ਰਹੀ ਧਰਤੀ ਦੇ ਭੂ-ਖੋਰ ਨੂੰ ਰੋਕਣ ਲਈ ਪਿੰਗਲਵਾੜਾ ਸੰਸਥਾ ਵੱਲੋਂ ਵਾਤਾਵਰਣ ਦੇ ਸੁਧਾਰ ਵੱਲ ਵੀ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ। ਹਰ ਸਾਲ ਸੰਸਥਾ ਦੇ ਸੇਵਾਦਾਰਾਂ ਦੁਆਰਾ ਭਗਤ ਜੀ ਦੀ ਬਰਸੀ 'ਤੇ ਰੁੱਖ ਲਾਉਣ ਦੀ ਮੁਹਿੰਮ ਵਿੱਢੀ ਜਾਂਦੀ ਹੈ। ਇਹ ਰੁੱਖ ਸਕੂਲਾਂ, ਕਾਲਜਾਂ, ਸਮਸ਼ਾਨ ਘਾਟਾਂ ਅਤੇ ਹੋਰ ਜਨਤਕ ਥਾਵਾਂ 'ਤੇ ਲਗਾਏ ਜਾਂਦੇ ਹਨ। ਸਾਲ 2003 ਵਿਚ 15,000 ਤੇ ਸਾਲ 2004 ਵਿਚ 14,000 ਰੁੱਖ ਲਗਾਏ ਜਾ ਚੁੱਕੇ ਹਨ।

(ਅ) **ਨਰਸਰੀ :** ਵੱਖ-ਵੱਖ ਕਿਸਮਾਂ ਦੇ ਰੁੱਖਾਂ ਨੂੰ ਤਿਆਰ ਕਰਨ ਲਈ ਸੰਸਥਾ ਵੱਲੋਂ 'ਭਗਤ ਪੂਰਨ ਸਿੰਘ ਨਰਸਰੀ' ਤਿਆਰ ਕੀਤੀ ਗਈ ਹੈ। ਇਸ ਸਾਲ ਨਰਸਰੀ ਵਿਚ 30,000 ਰੁੱਖ ਤਿਆਰ ਕਰਨ ਦਾ ਟੀਚਾ ਮਿਥਿਆ ਗਿਆ ਹੈ।

(ੲ) **ਪਾਣੀ ਦੀ ਸੰਭਾਲ :** ਮਾਨਾਂਵਾਲਾ ਕੰਪਲੈਕਸ ਵਿਚ ਸਾਰੀਆਂ ਬਿਲਡਿੰਗਾਂ ਦਾ ਬਰਸਾਤੀ ਪਾਣੀ ਮੁੜ ਧਰਤੀ ਵਿਚ ਪਹੁੰਚਾਉਣ ਦੀ **(Water Harvesting Scheme)** ਯੋਜਨਾ ਉਲੀਕੀ ਗਈ ਹੈ।

(ਸ) **ਬਿਜਲੀ ਬਚਾਉਣ ਦਾ ਉਪਰਾਲਾ :** ਭਗਤ ਪੂਰਨ ਸਿੰਘ ਜੀ ਦਾ ਇਕ ਹੋਰ ਉਦੇਸ਼ ਬਿਜਲੀ ਦੀ ਘੱਟ ਵਰਤੋਂ ਕਰਕੇ ਬਿਜਲੀ ਬਚਾਉਣਾ ਸੀ। ਇਸ ਉਦੇਸ਼ ਨੂੰ ਪੂਰਾ ਕਰਨ ਲਈ ਪਿੰਗਲਵਾੜੇ ਦੀਆਂ ਸਾਰੀਆਂ ਵਾਰਡਾਂ ਵਿਚ ਸੋਰ-ਊਰਜਾ-ਯੰਤਰ ਪਾਣੀ ਗਰਮ ਕਰਨ ਲਈ ਲਾਏ ਗਏ ਹਨ।

ਸਮਾਜ-ਕਲਿਆਣ ਸੰਬੰਧੀ ਕੰਮ : ਪਿੰਗਲਵਾੜਾ ਵੱਲੋਂ ਸਮਾਜ ਭਲਾਈ ਤੇ ਸੁਧਾਰ ਦੇ ਕੰਮਾਂ ਵੱਲ ਵੀ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ।

ੳ) **ਜਾਗ੍ਰਿਤੀ :** ਸਮਾਜਿਕ ਬੁਰਾਈਆਂ ਪ੍ਰਤੀ ਲੋਕਾਂ ਦੇ ਮਨਾਂ ਵਿਚ ਜਾਗ੍ਰਿਤੀ ਪੈਦਾ ਕਰਨ ਲਈ ਪਿੰਗਲਵਾੜੇ ਦਾ ਖ਼ਾਸ ਯੋਗਦਾਨ ਰਿਹਾ ਹੈ। ਅਜਿਹਾ ਯੋਗਦਾਨ ਪਿੰਗਲਵਾੜੇ ਵਿਚ ਸਥਾਪਿਤ 'ਪੂਰਨ ਪ੍ਰਿੰਟਿੰਗ ਪ੍ਰੈੱਸ' ਵੱਖ-ਵੱਖ ਧਾਰਮਿਕ, ਸਮਾਜਿਕ, ਸਦਾਚਾਰਕ ਤੇ ਸਿਹਤ ਸੰਬੰਧੀ ਮੁੱਦਿਆਂ ਤੇ ਸਾਹਿਤ ਛਾਪ ਕੇ ਉਸਦੀ ਮੁਫ਼ਤ ਵੰਡਾਈ ਕਰ ਰਹੀ ਹੈ। ਪਿੰਗਲਵਾੜਾ ਦੀ ਪ੍ਰੈੱਸ ਦਾ ਤੇ ਪਬਲੀਸਿਟੀ ਦਾ ਕੁੱਲ ਸਾਲਾਨਾ ਖ਼ਰਚ 35 ਲੱਖ ਰੁਪਏ ਹੈ।

(ਅ) **ਪੀੜਿਤ ਲੋਕਾਂ ਦੀ ਮਦਦ :** ਕੁਦਰਤੀ ਆਫਤਾਂ ਜਿਵੇਂ ਕਿ ਹੜ੍ਹ, ਭੂਚਾਲ ਆਦਿ ਤੋਂ ਪ੍ਰਭਾਵਿਤ ਪੀੜਿਤਾਂ ਨੂੰ ਪਿੰਗਲਵਾੜਾ ਸੰਸਥਾ ਵੱਲੋਂ ਹਰ ਪ੍ਰਕਾਰ ਦੀ

ਮਦਦ ਦੇਣ ਦੀ ਭਰਪੂਰ ਕੋਸ਼ਿਸ਼ ਕੀਤੀ ਜਾਂਦੀ ਹੈ।

(ੲ) **ਟਰਾਈ ਸਾਈਕਲਾਂ ਦੀ ਵੰਡ :** ਭਗਤ ਪੂਰਨ ਸਿੰਘ ਜੀ ਦੀ ਜਨਮ ਸ਼ਤਾਬਦੀ ਦੇ ਮੌਕੇ 'ਤੇ ਸਕੂਲਾਂ ਵਿਚ ਪੜ੍ਹਨ ਵਾਲੇ ਪੋਲੀਓ ਗ੍ਰਸਤ ਵਿਦਿਆਰਥੀਆਂ ਅਤੇ ਹੋਰ ਲੋੜਵੰਦ ਵਿਅਕਤੀਆਂ ਨੂੰ 104 ਟਰਾਈ ਸਾਈਕਲ ਵੰਡੇ ਗਏ।

(ਸ) **ਲਾਵਾਰਸ ਲਾਸ਼ਾਂ ਦਾ ਸਸਕਾਰ :** ਪਿੰਗਲਵਾੜੇ ਵੱਲੋਂ ਲਾਵਾਰਸ ਲਾਸ਼ਾਂ ਦਾ ਸਸਕਾਰ ਪੂਰੇ ਸਤਿਕਾਰ ਸਹਿਤ ਕੀਤਾ ਜਾਂਦਾ ਹੈ। ਸਾਲ 2003 ਵਿਚ 131 ਤੇ ਸਾਲ 2004 ਵਿਚ 72 ਲਾਵਾਰਸ ਲਾਸ਼ਾਂ ਦਾ ਸਸਕਾਰ ਕੀਤਾ ਗਿਆ ਹੈ।

(ਹ) **ਬਿਰਧਾਂ ਦੀ ਦੇਖਭਾਲ :** ਸੰਗਰੂਰ ਬ੍ਰਾਂਚ ਵਿਚ ਇਕ ਬਿਰਧ-ਘਰ ਮਾਰਚ 2003 ਤੋਂ ਚੱਲ ਰਿਹਾ ਹੈ।

ਅਜਾਇਬ-ਘਰ : ਬਿਖ਼ਮ ਮਾਰਗ ਦਾ ਪਾਂਧੀ ਭਗਤ ਪੂਰਨ ਸਿੰਘ ਜੀ ਦੀਆਂ ਜੀਵਨ ਘਾਲਣਾਵਾਂ ਸੰਬੰਧੀ ਤਸਵੀਰਾਂ ਦਾ ਸੰਗ੍ਰਿਹ ਅਜਾਇਬ-ਘਰ ਦੇ ਰੂਪ ਵਿਚ ਮੁੱਖ ਦਫ਼ਤਰ ਪਿੰਗਲਵਾੜਾ ਵਿਚ ਸਥਾਪਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਹਨਾਂ ਦੇ ਜੀਵਨ ਨੂੰ ਦਰਸਾਉਂਦੀਆਂ ਹੋਈਆਂ ਕੁਝ ਵੀਡੀਓ ਫ਼ਿਲਮਾਂ ਵੀ ਵੱਖ-ਵੱਖ ਬੁੱਧੀਜੀਵੀਆਂ ਵੱਲੋਂ ਤਿਆਰ ਕਰਵਾਈਆਂ ਗਈਆਂ ਹਨ ਜਿਵੇਂ ਕਿ 'ਇਕ ਮਿਸਾਲ', **'Pingalwara Presentation'** ਅਤੇ 'ਇਹ ਜਨਮ ਤੁਮ੍ਹਾਰ ਲੇਖੇ' ਆਦਿ। ਇਹਨਾਂ ਵਿਚੋਂ ਫ਼ਿਲਮ **'Pingalwara Presentation'** ਦੀ ਪੇਸ਼ਕਾਰੀ ਬਾਰਸੀਲੋਨਾ (ਸਪੇਨ) ਵਿਖੇ **'Council for Parliament of the World Religions'** ਦੇ ਮੌਕੇ ਤੇ ਪੇਸ਼ ਕੀਤੀ ਗਈ ਤਾਂ ਜੋ ਸਾਰੀ ਦੁਨੀਆਂ ਵਿਚ ਭਗਤ ਜੀ ਦਾ ਸੁਨੇਹਾ ਪਹੁੰਚਾਇਆ ਜਾ ਸਕੇ।

ਭਵਿੱਖ ਦੀਆਂ ਯੋਜਨਾਵਾਂ : ਮਾਨਾਂਵਾਲਾ (ਅੰਮ੍ਰਿਤਸਰ ਤੋਂ 8 ਕਿਲੋਮੀਟਰ ਦੂਰੀ 'ਤੇ) ਵਿਖੇ ਹੇਠ ਲਿਖੇ ਪ੍ਰੋਜੈਕਟ ਉਲੀਕੇ ਗਏ ਹਨ :—

(ੳ) ਬਿਰਧਾਂ ਲਈ ਇਕ 'ਆਪਣਾ-ਘਰ' ਉਸਾਰੀ ਅਧੀਨ ਹੈ ਜਿਸ ਵਿਚ 40 ਕਮਰੇ ਤੇ ਹੋਰ ਸੁਵਿਧਾਵਾਂ ਹੋਣਗੀਆਂ।

(ਅ) 300 ਮਰਦ ਮਰੀਜ਼ਾਂ ਅਤੇ 350 ਔਰਤ ਮਰੀਜ਼ਾਂ ਵਾਸਤੇ ਵਾਰਡਾਂ ਉਸਾਰੀ ਅਧੀਨ ਹਨ।

(ੲ) ਭਗਤ ਜੀ ਦੀ ਯਾਦ ਨੂੰ ਸਮਰਪਿਤ ਇਕ ਸਥਾਈ ਤੇ ਆਧੁਨਿਕ ਅਜਾਇਬ-ਘਰ ਉਸਾਰੀ ਅਧੀਨ ਹੈ। ਇਸ ਦੇ ਨਾਲ ਇਕ ਮੀਟਿੰਗ ਹਾਲ ਤੇ ਪੁਸਤਕਾਲਿਆ ਵੀ ਬਣਾਏ ਜਾ ਰਹੇ ਹਨ।

(ਸ) ਗੂੰਗੇ-ਬੋਲੇ ਬੱਚਿਆਂ ਲਈ ਇਕ ਸਕੂਲ ਯੋਜਨਾ ਅਧੀਨ ਹੈ।

ਗਊਸ਼ਾਲਾ : ਪੰਡੋਰੀ ਵੜੈਚ ਬ੍ਰਾਂਚ ਵਿਖੇ ਗਊਸ਼ਾਲਾ ਵਿਚ 133 ਗਊਆਂ ਦੀ ਸੰਭਾਲ ਹੋ ਰਹੀ ਹੈ। ਹੁਣ ਮਾਨਾਂਵਾਲਾ ਵਿਚ ਨਵੀਂ ਗਊਸ਼ਾਲਾ ਉਸਾਰੀ ਅਧੀਨ ਹੈ ਜਿਸ ਵਿਚ ਗੋਬਰ ਗੈਸ ਪਲਾਂਟ ਲਗਾਇਆ ਜਾਵੇਗਾ।

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

ਡਾ: ਇੰਦਰਜੀਤ ਕੌਰ, ਪ੍ਰਧਾਨ
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:) ਅੰਮ੍ਰਿਤਸਰ

ਸਾਵਧਾਨ ! ਸਾਵਧਾਨ !! ਸਾਵਧਾਨ !!!

ਭਾਰਤ ਵਿਚ ਹਰ ਸਾਲ ਦਸ ਲੱਖ ਪੰਜਾਹ ਹਜ਼ਾਰ ਹੈਕਟੇਅਰ ਦੇ ਹਿਸਾਬ ਨਾਲ ਜੰਗਲਾਂ ਦਾ ਰਕਬਾ ਘਟਦਾ ਜਾ ਰਿਹਾ ਹੈ। ਜੇ ਜੰਗਲਾਂ ਦੇ ਐਡੇ ਵੱਡੇ ਰਕਬੇ ਦੀ ਹਰ ਸਾਲ ਦੀ ਕਟਾਈ ਨੂੰ ਛੇਤੀ ਤੋਂ ਛੇਤੀ ਰੋਕ ਨਾ ਪਾਈ ਗਈ ਤੇ ਜੰਗਲਾਂ ਦਾ ਰਕਬਾ ਛੇਤੀ ਤੋਂ ਛੇਤੀ ਤੇ ਵੱਧ ਤੋਂ ਵੱਧ ਨਾ ਵਧਾਇਆ ਗਿਆ ਤਾਂ ਭਾਰਤ ਦੀ ਸਾਰੀ ਧਰਤੀ ਸੰਨ 2010 ਤੱਕ ਰੇਤ ਦਾ ਮਾਰੂਥਲ ਬਣ ਜਾਵੇਗੀ। ਧਰਤੀ ਰੇਤ ਦਾ ਮਾਰੂਥਲ ਹੋਣ ਤੋਂ, ਤਾਂ ਹੀ ਬਚ ਸਕਦੀ ਹੈ ਜੇਕਰ ਮੈਦਾਨੀ ਇਲਾਕੇ ਵਿਚ 100 ਵਿਚੋਂ 21 ਹਿੱਸੇ ਦੇ ਹਿਸਾਬ ਨਾਲ ਅਤੇ ਪਹਾੜੀ ਇਲਾਕੇ ਵਿਚ 100 ਵਿਚੋਂ 66 ਹਿੱਸੇ ਦੇ ਹਿਸਾਬ ਨਾਲ ਜੰਗਲ ਲੱਗੇ ਹੋਏ ਹੋਣ। 1930 ਵਿਚ ਭਾਰਤ ਦਾ ਸਮੁੰਦਰ ਤੋਂ ਬਾਹਰੀ, ਧਰਤੀ ਦਾ ਤੀਜਾ ਹਿੱਸਾ ਜੰਗਲਾਂ ਨਾਲ ਕੱਜਿਆ ਹੋਇਆ ਸੀ। 1951 ਵਿਚ ਉਸ ਰਕਬੇ ਵਿਚ 100 ਵਿਚੋਂ 23 ਦੇ ਹਿਸਾਬ ਨਾਲ ਜੰਗਲ ਬਾਕੀ ਰਹਿ ਗਏ ਸਨ। ਪਰ 1989 ਵਿਚ ਜੰਗਲਾਂ ਦਾ ਇਹ ਰਕਬਾ ਘਟ ਕੇ 100 ਵਿਚੋਂ 10 ਹਿੱਸੇ ਹੀ ਰਹਿ ਗਿਆ ਹੈ। ਜੇ ਇਨ੍ਹਾਂ ਜੰਗਲਾਂ ਦੀ ਅੰਨ੍ਹੇਵਾਹ ਹੋ ਰਹੀ ਕਟਾਈ ਨੂੰ ਛੇਤੀ ਤੋਂ ਛੇਤੀ ਨਾ ਰੋਕਿਆ ਗਿਆ ਤੇ ਰੁੱਖ ਲਾ ਕੇ ਧਰਤੀ ਨੂੰ ਉਤੇ ਦਿੱਤੇ ਗਏ ਹਿਸਾਬ ਨਾਲ ਨਾ ਕੱਜਿਆ ਗਿਆ ਤਾਂ ਸੋਕੇ ਆਉਣਗੇ, ਕਾਲ ਆਉਣਗੇ, ਧਰਤੀ ਖੁਰੇਗੀ ਤੇ ਰੇਤ ਦਾ ਮਾਰੂਥਲ ਬਣ ਜਾਵੇਗੀ।

—ਭਗਤ ਪੂਰਨ ਸਿੰਘ

ਦੇਸ਼ ਨੂੰ ਪਿਆਰ ਕਰਨ ਵਾਲੇ ਬੰਦੇ ਦੇ ਦੋ ਵੱਡੇ ਕਰਤੱਵ

ਉਹ (ਦੇਸ਼-ਭਗਤ) ਬੜੇ ਉਤਸ਼ਾਹ ਨਾਲ ਆਪਣੇ ਦੇਸ਼ ਵਾਸੀਆਂ ਦੇ ਗਿਆਨ ਨੂੰ ਵਧਾਉਣ ਅਤੇ ਉਨ੍ਹਾਂ ਦੀਆਂ ਸਦਾਚਾਰ ਦੀਆਂ ਆਦਤਾਂ ਨੂੰ ਅੱਗੇ ਨਾਲੋਂ ਚੰਗਿਆਂ ਬਣਾਉਣ ਵਿਚ ਆਪਣਾ ਪੂਰਾ ਤਾਣ ਲਾਵੇ। ਇਹ ਦੋਵੇਂ ਗੱਲਾਂ ਅਜਿਹੀਆਂ ਹਨ ਜਿਨ੍ਹਾਂ ਉੱਤੇ ਅਮਲ ਕਰਕੇ ਦੇਸ਼ ਦਾ ਹਰ ਇਮਾਨਦਾਰ ਬੰਦਾ ਭਾਵੇਂ ਉਹ ਕਿਸੇ ਵੀ ਦਰਜੇ ਦਾ ਹੋਵੇ ਆਪਣੇ ਦੇਸ਼ ਨੂੰ ਸਦਾ ਕਾਇਮ ਰਹਿਣ ਵਾਲਾ ਲਾਭ ਪਹੁੰਚਾ ਸਕਦਾ ਹੈ।

—ਜੇ. ਐਮ. ਸਾਈਮ

ਦਾਨੀ ਸੱਜਣਾਂ ਲਈ ਭਗਤ ਜੀ ਦੀਆਂ ਆਸੀਸਾਂ

ਵਾਹਿਗੁਰੂ ਆਪ ਨੂੰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ, ਗੁਰਸਿੱਖੀ ਦੇ ਨਿੱਤਨੇਮ ਦਾ ਪਾਠ ਕਰਨ, ਗੁਰਦੁਆਰੇ ਜਾ ਕੇ 'ਆਸਾ ਦੀ ਵਾਰ' ਦਾ ਕੀਰਤਨ ਸੁਣਨ ਦਾ ਬਲ ਬਖ਼ਸ਼ੇ। ਗੁਰੂ ਦੀ ਗੋਲਕ ਦਾ ਦਸਵੇਂ ਹਿੱਸੇ ਦਾ ਦਸਵੰਧ ਕੱਢਣ ਦੀ ਆਦਤ ਪਾਵੇ। ਸਾਂਸ-ਸਾਂਸ ਵਾਹਿਗੁਰੂ ਦਾ ਨਾਮ ਸਿਮਰਨ ਦੀ ਆਦਤ ਪਾਵੇ।

—ਭਗਤ ਪੂਰਨ ਸਿੰਘ ਸੰਸਥਾਪਕ ਪਿੰਗਲਵਾੜਾ, ਅੰਮ੍ਰਿਤਸਰ।

ਨੋਟ : ਪਿੰਗਲਵਾੜਾ ਸੰਸਥਾ ਵੱਲੋਂ ਧਾਰਮਿਕ ਪੁਸਤਕਾਂ, ਕਿਤਾਬਚੇ ਤੇ ਇਸ਼ਤਿਹਾਰ ਅੰਗਰੇਜ਼ੀ, ਪੰਜਾਬੀ ਤੇ ਹਿੰਦੀ ਵਿਚ ਛਾਪ ਕੇ ਮੁਫ਼ਤ ਵੰਡੇ ਜਾਂਦੇ ਹਨ। ਇਹ ਸਾਰੀ ਛਪਾਈ ਪਿੰਗਲਵਾੜੇ ਦੇ ਆਪਣੇ ਛਾਪੇਖਾਨੇ "ਪੂਰਨ ਪ੍ਰਿੰਟਿੰਗ ਪ੍ਰੈਸ" ਵਿਚ ਹੀ ਕੀਤੀ ਜਾਂਦੀ ਹੈ। ਪੂਰਨ ਪ੍ਰਿੰਟਿੰਗ ਪ੍ਰੈਸ ਵਿਚ 19 ਪ੍ਰਿੰਟਿੰਗ ਮਸ਼ੀਨਾਂ ਹਨ।

ਪਿੰਗਲਵਾੜੇ ਵੱਲੋਂ ਛਪਿਆ ਸਾਹਿਤ ਮੰਗਵਾਉਣ ਦਾ ਪਤਾ।

ਡਾ: ਇੰਦਰਜੀਤ ਕੌਰ
ਪ੍ਰਧਾਨ,
ਆਲ ਇੰਡੀਆ ਪਿੰਗਲਵਾੜਾ ਚਰੀਟੇਬਲ ਸੋਸਾਇਟੀ (ਰਜਿ:)
ਤਹਿਸੀਲਪੁਰਾ, ਜੀ. ਟੀ. ਰੋਡ, ਅੰਮ੍ਰਿਤਸਰ।

ਅਪੀਲ

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:) ਅੰਮ੍ਰਿਤਸਰ ਵੱਲੋਂ ਕੋਈ ਵੀ ਸੇਵਾਦਾਰ ਪਿੰਡਾਂ ਜਾਂ ਸ਼ਹਿਰਾਂ ਵਿਚ ਗੋਲਕ ਨਾਲ ਮਾਇਆ ਉਗਰਾਹੁਣ (ਬੱਸ) ਅੱਡੇ ਅਤੇ ਰੇਲਵੇ ਸਟੇਸ਼ਨ ਛੱਡ ਕੇ) ਜਾਂ ਜਿਣਸ ਦੀ ਉਗਰਾਹੀ ਕਰਨ ਹਿੱਤ ਨਹੀਂ ਭੇਜਿਆ ਜਾ ਰਿਹਾ। ਪ੍ਰੰਤੂ ਸਰਟੀਫਿਕੇਟ ਵਿਚ ਦਿੱਤੇ ਇਲਾਕੇ ਅਨੁਸਾਰ ਸੇਵਾਦਾਰ ਰਸੀਦ ਬੁੱਕਾਂ ਨਾਲ ਮਾਇਆ ਦੀ ਉਗਰਾਹੀ ਕਰ ਸਕਦੇ ਹਨ। ਸੰਗਤਾਂ ਜਿਣਸ ਕਿਰਪਾ ਕਰਕੇ ਆਪ ਦਫ਼ਤਰ ਪਿੰਗਲਵਾੜਾ, ਅੰਮ੍ਰਿਤਸਰ ਵਿਖੇ ਪਹੁੰਚਾਉਣ ਜਾਂ ਸੂਚਿਤ ਕਰਨ।

ਪ੍ਰਾਰਥਕ :–

ਡਾ: ਇੰਦਰਜੀਤ ਕੌਰ

ਪ੍ਰਧਾਨ

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾ: (ਰਜਿ:) ਅੰਮ੍ਰਿਤਸਰ।

—ਪਿੰਗਲਵਾੜੇ ਨੂੰ ਭੇਜੇ ਹੋਏ ਦਾਨ ਉਪਰ ਸੈਕਸ਼ਨ 80-G ਇਨਕਮ ਟੈਕਸ ਦੀ ਧਾਰਾ 1961 ਅਧੀਨ ਟੈਕਸ ਦੀ ਛੋਟ ਪ੍ਰਾਪਤ ਹੈ।

—The Donations made to Pingalwara are exempt from Income Tax under Section 80-G, of I.T. Act 1961.

ਪਿੰਗਲਵਾੜੇ ਦੀਆਂ ਬ੍ਰਾਂਚਾਂ ਦਾ ਵੇਰਵਾ

ਪਿੰਗਲਵਾੜਾ ਸੰਸਥਾ ਅੰਮ੍ਰਿਤਸਰ ਸੰਨ 1947 ਤੋਂ ਲੈ ਕੇ ਹੁਣ ਤੱਕ ਬੀਮਾਰਾਂ, ਅਪਾਹਿਜਾਂ, ਲਾਵਾਰਸਾਂ, ਪਾਗਲ ਬੱਚਿਆਂ, ਮਰਦਾਂ, ਇਸਤਰੀਆਂ ਅਤੇ ਅੰਗਹੀਣਾਂ ਦੀ ਸੇਵਾ-ਸੰਭਾਲ ਦਾਨੀ ਸੱਜਣਾਂ ਦੇ ਸਹਿਯੋਗ ਤੇ ਗੁਰੂ ਘਰ ਦੀ ਬਖ਼ਸ਼ਿਸ਼ ਦੁਆਰਾ ਨਿਰੰਤਰ ਕਰਦੀ ਆ ਰਹੀ ਹੈ। ਪਿੰਗਲਵਾੜਾ ਸੰਸਥਾ ਦੀਆਂ ਅੰਮ੍ਰਿਤਸਰ ਤੋਂ ਇਲਾਵਾ ਹੋਰ ਸ਼ਾਖ਼ਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ :—

(ੳ) **ਸ੍ਰੀ ਗੋਇੰਦਵਾਲ ਸਾਹਿਬ :** ਗੁਰਦਵਾਰਾ ਸਾਹਿਬ ਦੇ ਨਜ਼ਦੀਕ
ਬ੍ਰਾਂਚ ਮੈਨੇਜਰ : ਬੀਬੀ ਬਲਜਿੰਦਰਜੀਤ ਕੌਰ
ਟੈਲੀਫ਼ੋਨ : 01859-222798

(ਅ) **ਪੰਡੋਰੀ ਵੜੈਚ (ਮਜੀਠਾ ਰੋਡ) :** ਅੰਮ੍ਰਿਤਸਰ ਤੋਂ 8 ਕਿਲੋਮੀਟਰ ਦੂਰ
ਬ੍ਰਾਂਚ ਮੈਨੇਜਰ : ਸ੍ਰ: ਕੰਵਲਜੀਤ ਸਿੰਘ
ਮਰੀਜ਼ਾਂ ਤੋਂ ਇਲਾਵਾ ਇਥੇ ਗਊਸ਼ਾਲਾ ਵੀ ਹੈ ਜਿਸ ਵਿਚ 100 ਦੇ ਕਰੀਬ ਗਊਆਂ, ਵੱਛੇ ਤੇ ਵੱਛੀਆਂ ਹਨ।

(ੲ) **ਜਲੰਧਰ :** ਮਕਦੂਮਪੁਰਾ, ਧੋਬੀ ਮਹੱਲਾ (ਇਨਕਮ ਟੈਕਸ ਦਫ਼ਤਰ ਦੇ ਪਿੱਛੇ)
ਟੈਲੀਫ਼ੋਨ : 0181-2238947

(ਸ) **ਚੰਡੀਗੜ੍ਹ (ਪਲਸੋਰਾ) :**
ਟੈਲੀਫ਼ੋਨ : 0172-697625
ਸ੍ਰੀ ਪੀ. ਸੀ. ਜੈਨ, ਮੈਂਬਰ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ
ਟੈਲੀਫ਼ੋਨ : 0172-693850

(ਹ) **ਸੰਗਰੂਰ :** (ਧੂਰੀ ਰੋਡ ਤੇ ਸੰਗਰੂਰ ਤੋਂ 3 ਕਿਲੋਮੀਟਰ ਦੂਰ)
ਮੁੱਖ ਪ੍ਰਬੰਧਕ ਤੇ ਨਿਸ਼ਕਾਮ ਸੇਵਕ ਸ੍ਰ: ਤਰਲੋਚਨ ਸਿੰਘ ਚੀਮਾ
ਟੈਲੀਫ਼ੋਨ : 0167-2236812
ਬ੍ਰਾਂਚ ਮਨੇਜਰ : ਸ੍ਰੀ ਰਾਜੇਸ਼ ਕੁਮਾਰ
ਟੈਲੀਫ਼ੋਨ : 0167-2235040

(ਕ) **ਮਾਨਾਂਵਾਲਾ :** (ਜੀ. ਟੀ. ਰੋਡ ਉਪਰ, ਅੰਮ੍ਰਿਤਸਰ ਤੋਂ 10 ਕਿ: ਮੀ: ਦੂਰ)
ਇੰਚਾਰਜ : ਸ੍ਰ: ਲਖਵਿੰਦਰ ਸਿੰਘ
ਟੈਲੀਫ਼ੋਨ : 0183-2470247

ਸਮੂਹ ਬ੍ਰਾਂਚਾਂ ਵਿਚ ਮੌਜੂਦਾ ਰੋਗੀਆਂ ਦੀ ਗਿਣਤੀ ਸਤੰਬਰ 2004 ਨੂੰ ਇਸ ਪ੍ਰਕਾਰ ਹੈ:—

ਮਾਨਸਿਕ ਰੋਗੀ	— 323	ਏਡਜ਼ ਵਾਲੇ	— 04
ਅਧਰੰਗ, ਪੋਲੀਉ	— 80	ਮਿਰਗੀ ਦੇ ਰੋਗੀ	— 92
ਮੰਦ ਬੁੱਧੀ	— 167	ਕੈਂਸਰ ਵਾਲੇ	— 02
ਗੂੰਗੇ ਬੋਲੇ	— 56	ਸ਼ੂਗਰ ਵਾਲੇ	— 06
ਬਿਰਧ	— 126	ਸਕੂਲ ਜਾਣ ਵਾਲੇ	— 64
ਜ਼ਖ਼ਮੀ	— 19	ਛੱਡੇ ਗਏ ਬੱਚੇ	— 03
ਟੀ. ਬੀ. ਵਾਲੇ	— 13	ਠੀਕ ਹੋ ਗਏ	— 12
ਨੇਤਰਹੀਣ	— 16		
		ਕੁੱਲ ਮਰੀਜ਼	— 983

ਅਪੀਲ

ਸੰਸਥਾ ਦਾ ਰੋਜ਼ਾਨਾ ਖ਼ਰਚ ਪੌਣੇ ਦੋ ਲੱਖ ਰੁਪਏ ਤੋਂ ਉੱਪਰ ਹੈ। ਮਾਨਵਤਾ ਦੇ ਪੁਜਾਰੀ ਸਤਿਕਾਰਯੋਗ ਭਗਤ ਪੂਰਨ ਸਿੰਘ ਜੀ ਨੇ ਇਸ ਸੇਵਾ ਦੇ ਕੁੰਭ ਨੂੰ ਬੜੇ ਬਿਖ਼ਮ ਪੈਂਡਿਆਂ ਵਿਚੋਂ ਲੰਘਦਿਆਂ ਹੋਇਆਂ ਆਪਣੀ 88 ਸਾਲਾਂ ਦੀ ਉਮਰ ਤੱਕ ਬਿਨਾਂ ਕਿਸੇ ਜ਼ਾਤ, ਮਜ਼੍ਹਬ, ਰੰਗ ਤੇ ਨਸ਼ਲ ਤੋਂ ਉੱਪਰ ਉੱਠ ਕੇ ਸਾਂਝੀਵਾਲਤਾ ਦੇ ਅਕੀਦੇ ਨੂੰ ਮੁੱਖ ਰੱਖਦਿਆਂ ਹੋਇਆਂ ਨਿਭਾਇਆ। ਭਗਤ ਜੀ ਨੇ ਪੀੜਤ ਲੋਕਾਈ ਦੇ ਦਰਦ ਨੂੰ ਘਟਾਉਣ ਹਿੱਤ ਜਿੱਥੇ ਆਪਣੀ ਸਾਰੀ ਜ਼ਿੰਦਗੀ ਪ੍ਰਾਣੀ-ਮਾਤਰ ਦੀ ਸੇਵਾ ਲਈ ਅਰਪਣ ਕਰ ਦਿੱਤੀ ਉਥੇ ਉਨ੍ਹਾਂ ਪ੍ਰਦੂਸ਼ਣ ਤੇ ਆਬਾਦੀ ਨੂੰ ਘਟਾਉਣ, ਰੁੱਖਾਂ ਨੂੰ ਵੱਧ ਤੋਂ ਵੱਧ ਲਾਉਣ, ਧਰਮ ਪ੍ਰਚਾਰ ਤੇ ਅਨੇਕਾਂ ਵਾਪਰਨ ਵਾਲੇ ਖ਼ਤਰਿਆਂ ਤੋਂ ਲੋਕਾਂ ਨੂੰ ਜਾਣੂੰ ਕਰਾਉਣ ਸੰਬੰਧੀ ਇਸ਼ਤਿਹਾਰਾਂ, ਕਿਤਾਬਚਿਆਂ ਤੇ ਕਿਤਾਬਾਂ ਦੀ ਮੁਫ਼ਤ ਵੰਡਾਈ ਰਾਹੀਂ ਪ੍ਰਚਾਰ ਕੀਤਾ। ਇਹ ਪ੍ਰਚਾਰ ਉਨ੍ਹਾਂ ਦੇ ਪਾਏ ਹੋਏ ਪੂਰਨਿਆਂ ਅਨੁਸਾਰ ਬਰਕਰਾਰ ਰੱਖਿਆ ਜਾ ਰਿਹਾ ਹੈ।

ਮੈਂ ਗੁਰੂ ਘਰ ਦੇ ਪ੍ਰੇਮੀਆਂ ਅੱਗੇ ਹੱਥ ਜੋੜ ਬਿਨੈ ਕਰਦੀ ਹਾਂ ਕਿ ਉਹ ਪਿੰਗਲਵਾੜਾ ਸੰਸਥਾ ਵਿਚ ਸੇਵਾ-ਸੰਭਾਲ ਤੇ ਇਲਾਜ ਹਿੱਤ ਰਹਿ ਰਹੇ ਲਾਵਾਰਸ ਮਰੀਜ਼ਾਂ ਦੀ ਸਹਾਇਤਾ ਲਈ ਵੱਧ ਤੋਂ ਵੱਧ ਦੇਸ਼ ਪ੍ਰਦੇਸ਼ ਵਿਚੋਂ ਮਾਇਆ ਦੇ ਗੱਫ਼ੇ ਪਿੰਗਲਵਾੜਾ ਸੰਸਥਾ ਦੇ ਨਾਉਂ ਭੇਜਣ ਤੇ ਭਿਜਵਾਉਣ ਦੀ ਕ੍ਰਿਪਾਲਤਾ ਕਰਨ।

ਬਿਨੈਕਾਰ।

ਡਾ: ਇੰਦਰਜੀਤ ਕੌਰ

ਪ੍ਰਧਾਨ,

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:) ਅੰਮ੍ਰਿਤਸਰ।

ਟੈਲੀਫ਼ੋਨ : 2584586, 2584713 ਫ਼ੈਕਸ : 2584586